People's Herald

People's Herald



# "ਇਕੁਐਲਿਟੀ ਐਂਡ ਜਸਟਿਸ"

Rs- 100/month



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 31 ਮਾਰਚ 2025 ਸੋਮਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



"ਇਕੁਐਲਿਟੀ ਐਂਡ ਜਸਟਿਸ"

## ਈਰਾਨ ਵੱਲੋਂ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਇਨਕਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

ਈਰਾਨ ਦੇ ਰਾਸ਼ਟਰਪਤੀ ਨੇ ਅੱਜ ਕਿਹਾ ਕਿ ਤਹਿਰਾਨ ਨੇ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪੱਤਰ ਦੇ ਜਵਾਬ 'ਚ ਅਮਰੀਕਾ ਨਾਲ ਸਿੱਧੀ ਗੱਲਬਾਤ ਨੂੰ ਖਾਰਜ ਕੀਤਾ ਹੈ।

ਰਾਸ਼ਟਰਪਤੀ ਮਸੂਦ ਪੇਜ਼ੈਸ਼ਕੀਅਨ (Iran's President Masoud Pezeshkian) ਦੀ ਟਿੱਪਣੀ ਤੋਂ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਸਪੱਸ਼ਟ ਹੋਇਆ ਹੈ ਕਿ ਈਰਾਨ ਨੇ ਟਰੰਪ ਦੇ ਪੱਤਰ 'ਤੇ ਕਿਸ ਤਰ੍ਹਾਂ ਦਾ ਜਵਾਬ ਦਿੱਤਾ ਹੈ।

ਇਸ ਤੋਂ ਇਹ ਸੰਕੇਤ ਵੀ ਮਿਲਦਾ ਹੈ ਕਿ ਦੋਵਾਂ ਮੁਲਕਾਂ ਵਿਚਾਲੇ ਤਣਾਅ ਵਧ ਸਕਦਾ ਹੈ। ਪੇਜ਼ੈਸ਼ਕੀਅਨ ਨੇ ਕਿਹਾ, ''ਹਾਲਾਂਕਿ ਇਸ (ਟਰੰਪ ਦੇ ਪੱਤਰ 'ਤੇ) ਪ੍ਰਤੀਕਿਰਿਆ 'ਚ ਦੋਵਾਂ ਧਿਰਾਂ ਵਿਚਾਲੇ ਸਿੱਧੀ ਗੱਲਬਾਤ ਦੀ ਸੰਭਾਵਨਾ ਨੂੰ ਖਾਰਜ ਕੀਤਾ ਗਿਆ ਹੈ ਪਰ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਅਸਿੱਧੇ ਤੌਰ 'ਤੇ ਗੱਲਬਾਤ ਦਾ ਰਾਹ ਖੁੱਲ੍ਹ ਸਕਦਾ ਹੈ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਕੀ ਟਰੰਪ ਅਸਿੱਧੇ ਗੱਲਬਾਤ ਨੂੰ ਸਵੀਕਾਰ ਕਰਨਗੇ।

ਦੱਸਣਯੋਗ ਹੈ ਕਿ ਟਰੰਪ ਵੱਲੋਂ 2018 ਵਿੱਚ ਆਲਮੀ ਸ਼ਕਤੀਆਂ (world powers) ਨਾਲ ਤਹਿਰਾਨ ਦੇ ਪ੍ਰਮਾਣੂ



ਸਮਝੌਤੇ ਤੋਂ ਅਮਰੀਕਾ ਨੂੰ ਪਾਸੇ ਰੱਖਣ ਤੋਂ ਬਾਅਦ ਅਸਿੱਧੇ ਤੌਰ 'ਤੇ ਗੱਲਬਾਤ ਅਸਫਲ ਰਹੀ ਹੈ। -ਏਪੀ

## ਧਰਤੀ ਹੇਠਲੇ ਪਾਣੀ ਦੀ ਸਮੱਸਿਆ ਨਾਲ ਨਜਿੱਠਣ ਲਈ ਆਲਮੀ ਮਾਹਿਰਾਂ ਵੱਲੋਂ ਵਿਚਾਰ-ਵਟਾਂਦਰਾ: ਪੰਜਾਬ ਅਤੇ ਕੈਲੀਫੋਰਨੀਆ ਮਿਲ ਕੇ ਹੱਲ ਕੱਢਣ ਲਈ ਯਤਨਸ਼ੀਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣ ਦੀ ਗੰਭੀਰ ਚੁਣੌਤੀ ਦੇ ਹੱਲ ਲਈ ਮਹੱਤਵਪੂਰਨ ਪਹਿਲਕਦਮੀ ਤਹਿਤ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰੈਜ਼ਨੋ ਦੀ ਇੱਕ ਟੀਮ ਨੇ ਇਸ ਸਮੱਸਿਆ ਵਾਸਤੇ ਕੋਈ ਟਿਕਾਊ ਹੱਲ ਕੱਢਣ ਲਈ ਪੰਜਾਬ ਦੇ ਖੇਤੀਬਾੜੀ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਡਾ. ਸ਼ੈਰਨ ਐਲਿਜ਼ਾਬੈਥ ਬੇਨਸ ਅਤੇ ਡਾ. ਗੁਰਰੀਤ ਸਿੰਘ ਬਰਾੜ ਦੀ ਅਗਵਾਈ ਵਾਲੇ ਹਾਈ-ਪ੍ਰੋਫਾਈਲ ਵਫ਼ਦ ਨੇ ਛੇ ਅੰਡਰਗ੍ਰੈਜੁਏਟ ਅਤੇ ਮਾਸਟਰਜ਼ ਦੇ ਵਿਦਿਆਰਥੀਆਂ ਨਾਲ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ (ਪੀ.ਐਸ.ਐਫ.ਸੀ.) ਨਾਲ ਰਣਨੀਤਕ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ



ਅਤੇ ਇਸ ਚੁਣੌਤੀ ਦੇ ਹੱਲ ਲਈ ਤੁਰੰਤ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੱਤਾ।

ਇਹ ਧਿਆਨ ਵਿੱਚ ਰੱਖਦਿਆਂ ਕਿ ਪੰਜਾਬ ਅਤੇ ਕੈਲੀਫੋਰਨੀਆ ਦੋਵੇਂ ਪਾਣੀ ਦੀ ਕਮੀ ਨਾਲ ਜੂਝ ਰਹੇ ਹਨ, ਜਿਸ ਨਾਲ ਖੇਤੀਬਾੜੀ ਅਤੇ ਪਸ਼ੂਧਨ ਸਬੰਧੀ ਆਰਥਿਕਤਾ ਨੂੰ ਚੁਣੌਤੀਆਂ ਦਰਪੇਸ਼ ਹਨ, ਇਹ ਮੀਟਿੰਗ ਜਾਣਕਾਰੀ ਦੇ ਆਦਾਨ-ਪ੍ਰਦਾਨ ਲਈ ਇੱਕ ਮਹੱਤਵਪੂਰਨ ਮੰਚ ਸੀ।

ਪੀ.ਐਸ.ਐਫ.ਸੀ. ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਨੇ ਸੂਬੇ ਦੀ ਖੇਤੀਬਾੜੀ ਨੀਤੀ ਬਾਰੇ ਵਿਸਥਾਰ ਸਹਿਤ ਦੱਸਦਿਆਂ ਵਿਜ਼ਿਟਿੰਗ ਟੀਮ ਨਾਲ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਸਬੰਧੀ ਰਣਨੀਤੀਆਂ 'ਤੇ ਚਰਚਾ ਕੀਤੀ। ਇਸ ਦੌਰਾਨ ਖੇਤੀਬਾੜੀ ਦੇ ਸਾਬਕਾ ਡਾਇਰੈਕਟ ਸ੍ਰੀ ਰਾਜੇਸ਼ ਵਸ਼ਿਸ਼ਟ ਨੇ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਬਾਰੇ ਅੰਕੜੇ ਪੇਸ਼ ਕੀਤੇ ਅਤੇ ਇਸਦੇ ਹੱਲ ਲਈ ਵਿਗਿਆਨ-ਅਧਾਰਤ ਰੀਚਾਰਜ ਰਣਨੀਤੀਆਂ ਦਾ ਪ੍ਰਸਤਾਵ ਦਿੱਤਾ।

ਉੱਘੇ ਵਿਗਿਆਨੀ ਡਾ. ਬਰਾੜ ਨੇ ਦੋਵੇਂ ਖਿੱਤਿਆਂ ਵਿਚਕਾਰ ਸਪੱਸ਼ਟ ਸਮਾਨਤਾਵਾਂ ਦੀ ਗੱਲ ਕਰਦਿਆਂ ਪਾਣੀ ਦੇ ਘਟ ਰਹੇ ਸਰੋਤਾਂ ਦੀ ਸਮੱਸਿਆ ਦਰਮਿਆਨ ਖੇਤੀ ਦੇ ਖੁਸ਼ਹਾਲ ਭਵਿੱਖ ਲਈ ਠੋਸ ਰਣਨੀਤੀਆਂ ਘੜਨ ਦੇ ਪ੍ਰਸਤਾਵ ਲਈ ਹਾਂ-ਪੱਖੀ ਹੁੰਗਾਰਾ ਭਰਿਆ।

ਡਾ. ਬੇਨਸ ਨੇ ਇਸ ਮੁੱਦੇ 'ਤੇ ਕੈਲੀਫੋਰਨੀਆ ਦੇ ਤਜ਼ਰਬੇ ਸਾਂਝੇ ਕਰਦਿਆਂ ਸੰਕਟ ਦੀ ਵਿਸ਼ਵਵਿਆਪੀ ਪ੍ਰਕਿਰਤੀ ਅਤੇ ਸਾਂਝੇ ਹੱਲਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਬਾਗਬਾਨੀ ਦੇ ਸਾਬਕਾ ਡਾਇਰੈਕਟਰ ਅਤੇ ਮੁੱਖ ਨੀਤੀ ਘਾੜੇ ਡਾ. ਗੁਰਕੰਵਲ ਸਿੰਘ ਨੇ ਖੇਤੀਬਾੜੀ ਨੂੰ ਵਧੇਰੇ ਲਾਹੇਵੰਦ ਅਤੇ ਟਿਕਾਊ ਬਣਾਉਣ ਲਈ ਵਿਗਿਆਨ ਦੇ ਆਲਮੀ ਭਾਈਚਾਰੇ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ। ਇਸ ਦੌਰਾਨ ਡਾ. ਰਣਜੋਧ ਸਿੰਘ ਬੈਂਸ ਅਤੇ ਸ੍ਰੀ ਮਾਨਵਪ੍ਰੀਤ ਸਿੰਘ ਨੇ ਪੰਜਾਬ ਖੇਤੀ ਢਾਂਚੇ ਦੇ ਖਰੜੇ 'ਚੋਂ ਵੱਖ-ਵੱਖ ਨੀਤੀਗਤ ਉਪਾਵਾਂ 'ਤੇ ਚਰਚਾ ਕਰਕੇ ਗੱਲਬਾਤ ਨੂੰ ਅੱਗੇ ਵਧਾਇਆ।

## 'ਯੁੱਧ ਨਸ਼ਿਆਂ ਵਿਰੁੱਧ' 30ਵੇਂ ਦਿਨ ਵੀ ਜਾਰੀ: 72 ਨਸ਼ਾ ਤਸਕਰ ਕਾਬੂ; 8.8 ਕਿਲੋਗ੍ਰਾਮ ਹੈਰੋਇਨ, 99 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੇ "ਯੁੱਧ ਨਸ਼ਿਆਂ ਵਿਰੁੱਧ" ਨੂੰ 30ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 72 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 8.8 ਕਿਲੋ ਹੈਰੋਇਨ, 500 ਕਿਲੋ ਗਾਂਜਾ ਅਤੇ 99410 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 30 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 4614 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜਿਲਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ 82 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1100 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਵੱਲੋਂ ਸੂਬਾ ਭਰ ਵਿੱਚ 391 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਜਿਸਦੇ ਚਲਦਿਆਂ ਸੂਬੇ ਭਰ ਵਿੱਚ 49 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 435 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ – ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) – ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਵੱਲੋਂ ਇਸ ਰਣਨੀਤੀ ਦੇ 'ਡੀ-ਅਡਿਕਸ਼ਨ' ਹਿੱਸੇ ਵਜੋਂ 5 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਪ੍ਰੇਰਿਆ ਗਿਆ ਹੈ।

## 1 ਅਪ੍ਰੈਲ ਤੋਂ ਬਦਲ ਜਾਣਗੇ ਕਈ ਨਿਯਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

ਆਉਣ ਵਾਲੇ ਅਪ੍ਰੈਲ ਮਹੀਨੇ ਦੀ ਪਹਿਲੀ ਤਾਰੀਕ ਤੋਂ ਹੀ ਕਈ ਵੱਡੇ ਬਦਲਾਅ ਹੋ ਜਾਣਗੇ। ਪਹਿਲੀ ਤਾਰੀਕ ਨੂੰ ਰਸੋਈ ਤੋਂ ਲੈ ਕੇ ਬੈਂਕ ਖਾਤਿਆਂ ਤੱਕ ਕਈ ਬਦਲਾਅ ਹੋਣਗੇ।

ਗੈਸ ਸਿੰਲਡਰਾਂ ਦੀਆਂ ਕੀਮਤਾਂ ਵਿੱਚ ਬਦਲਾਅ

ਹਰ ਮਹੀਨੇ ਦੀ ਪਹਿਲੀ ਤਾਰੀਕ ਨੂੰ ਆਇਲ ਐਂਡ ਗੈਸ ਡਿਸਟ੍ਰਬਿਊਸ਼ਨ ਕੰਪਨੀਆਂ ਐਲਪੀਜੀ ਸਿਲੰਡਰ ਦੀਆਂ ਕੀਮਤਾਂ ਵਿੱਚ ਸੋਧ ਕਰਦੀ ਹੈ ਅਤੇ 1 ਅਪ੍ਰੈਲ 2025 ਨੂੰ ਇਹ ਬਦਲਾਅ ਮਿਲ ਸਕਦਾ ਹੈ। ਬੀਤੇ ਕੁਝ ਸਮੇਂ ਤੋਂ 19 ਕਿਲੋਗ੍ਰਾਮ ਵਾਲਾ ਐਲਪੀਜੀ ਸਿਲੰਡਰ ਦੀਆਂ ਕੀਮਤਾਂ ਘਟ-ਵਧ ਦੇਖਣ ਨੂੰ ਮਿਲਦੀਆਂ ਹਨ।

ਕ੍ਰੇਡਿਟ ਕਾਰਡ ਨਾਲ ਜੁੜੇ ਨਿਯਮ :

1 ਅਪ੍ਰੈਲ 2025 ਤੋਂ ਕ੍ਰੇਡਿਟ ਕਾਰਡ ਦੇ ਨਿਯਮਾਂ ਵਿਚ ਵੀ ਬਦਲਾਅ ਹੋ ਰਿਹਾ ਹੈ। ਜੋ ਇਨ੍ਹਾਂ ਉਤੇ ਮਿਲਣ ਵਾਲੇ ਰਿਕਾਰਡ ਤੋਂ ਲੈ ਕੇ ਹੋਰ ਸਹੂਲਤਾਵਾਂ ਉਤੇ ਅਸਰ ਪਵੇਗਾ। ਇਕ ਪਾਸੇ ਜਿੱਥੇ ਐਸਬੀਆਈ ਆਪਣੇ SimplyCLICK ਕ੍ਰੇਡਿਟ ਕਾਰਡ ਉਤੇ Swiggy ਰਿਵਾਰਡ ਨੂੰ 5 ਗੁਣਾਂ ਤੋਂ ਘਟਾ ਕੇ ਅੱਧਾ ਕਰ ਦੇਵੇਗਾ , ਤਾਂ ਏਅਰ ਇੰਡੀਆ ਸਿਗਨੇਚਰ ਪੁਆਇੰਟਸ ਨੂੰ 30 ਤੋਂ ਘਟਾ ਕੇ 10 ਕਰ ਦਿੱਤਾ ਜਾਵੇਗਾ, ਇਸ ਤੋਂ ਇਲਾਵਾ IDFC First ਬੈਂਕ ਕਲੱਬ ਵਿਸਤਾਰਾ ਮਾਈਲਸਟੋਨ ਦੇ ਲਾਭ ਬੰਦ ਕਰਨ ਵਾਲਾ ਹੈ।

ਬੈਂਕ ਖਾਤੇ ਨਾਲ ਜੁੜੇ ਬਦਲਾਅ

ਅਪ੍ਰੈਲ ਮਹੀਨੇ ਦੀ ਪਹਿਲੀ ਤਾਰੀਕ ਤੋਂ ਭਾਰਤੀ ਸਟੇਟ ਬੈਂਕ ਅਤੇ ਪੰਜਾਬ ਨੈਸ਼ਨਲ ਬੈਂਕ ਸਮੇਤ ਹੋਰ ਕਈ ਬੈਂਕ ਗ੍ਰਾਹਕਾਂ ਦੇ ਸੇਵਿੰਗ ਖਾਤਿਆਂ ਵਿੱਚ ਘੱਟੋ ਘੱਟ ਬੈਲੇਂਸ ਨਾਲ ਜੁੜੇ ਨਿਯਮ ਸੋਧ ਕਰਨ ਜਾ ਰਹੀ ਹੈ। ਬੈਂਕ ਵੱਲੋਂ ਖਾਤਾਧਾਰਕ ਦੇ ਘੱਟੋ ਘੱਟ ਬੈਲੇਂਸ ਲਈ ਸੈਕਟਰ ਵਾਈਜ਼ ਆਧਾਰ ਉਤੇ ਨਵੀਂ ਲਿਮਿਟ ਤੈਅ ਹੋਵੇਗੀ ਅਤੇ ਘੱਟੋ ਘੱਟ ਬੈਲੇਂਸ ਖਾਤੇ ਵਿੱਚ ਨਾ ਹੋਣ ਦੀ ਸਥਿਤੀ ਵਿੱਚ ਜ਼ੁਰਮਾਨਾ ਲਗਾਇਆ ਜਾ ਸਕਦਾ ਹੈ।

UPI ਖਾਤੇ ਹੋਣਗੇ ਬੰਦ

1 ਅਪ੍ਰੈਲ ਤੋਂ ਅਗਲਾ ਬਦਲਾਅ ਯੂਪੀਆਈ ਨਾਲ ਜੁੜਿਆ ਹੈ ਅਤੇ ਜਿੰਨਾਂ ਮੋਬਾਇਲ ਨੰਬਰਾਂ ਨਾਲ ਜੁੜੇ ਯੂਪੀਆਈ ਲੰਬੇ ਸਮੇਂ ਤੋਂ ਐਕਟਿਵ ਨਹੀਂ ਹਨ ਬੈਂਕ ਰਿਕਾਰਡ ਤੋਂ ਹਟਾ ਦਿੱਤਾ ਜਾਵੇਗਾ। ਜੇਕਰ ਤੁਹਾਡਾ ਫੋਨ ਨੰਬਰ ਯੂਪੀਆਈ ਨਾਲ ਜੁੜਿਆ ਹੈ ਅਤੇ ਆਪਣੇ ਲੰਮੇ ਸਮੇਂ ਤੋਂ ਇਸਦੀ ਵਰਤੋਂ ਨਹੀਂ ਕੀਤੀ ਤਾਂ ਉਸਦੀਆਂ ਸੇਵਾਵਾਂ ਬੰਦ ਕੀਤੀ ਜਾ ਸਕਦੀ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਤੇ ਸੇਵਾ ਮੁਕਤੀ ਸਬੰਧੀ ਨਿਯਮਾਵਲੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਨੇ ਪੰਥ ਤੋਂ ਮੰਗੇ ਸੁਝਾਅ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਜ਼ਿੰਮੇਵਾਰੀਆਂ ਅਤੇ ਸੇਵਾ ਮੁਕਤੀ ਸਬੰਧੀ ਨਿਯਮ ਨਿਰਧਾਰਤ ਕਰਨ ਲਈ ਸਿੱਖ ਪੰਥ ਦੀਆਂ ਸਮੂਹ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਆਲਮੀ ਸਿੱਖ ਸੰਸਥਾਵਾਂ, ਸਿੰਘ ਸਭਾਵਾਂ, ਦੀਵਾਨਾਂ, ਸਭਾ ਸੁਸਾਇਟੀਆਂ ਅਤੇ ਦੇਸ਼ ਵਿਦੇਸ਼ 'ਚ ਵੱਸਦੇ ਵਿਦਵਾਨਾਂ ਤੇ ਬੁੱਧੀਜੀਵੀਆਂ ਨੂੰ ਆਪਣੇ ਸੁਝਾਅ ਭੇਜਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਇਹ ਚਿਰੋਕਣੀ ਮੰਗ ਰਹੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਦੇ ਸਤਿਕਾਰ ਅਤੇ ਮਹੱਤਵ ਦੇ ਮੱਦੇਨਜ਼ਰ ਸੇਵਾ ਨਿਯਮ ਤਹਿ ਕੀਤੇ ਜਾਣ, ਜਿਸ ਨੂੰ ਲੈ ਕੇ ਬੀਤੇ ਕੱਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਸਿਧਾਂਤਕ ਪ੍ਰਵਾਨਗੀ ਦਾ ਮਤਾ ਪਾਸ ਕੀਤਾ ਗਿਆ ਹੈ। ਇਸ ਮਤੇ ਦੀ ਭਾਵਨਾ ਅਨੁਸਾਰ ਜਥੇਦਾਰ ਸਾਹਿਬ ਦੀ ਨਿਯੁਕਤੀ, ਸੇਵਾਵਾਂ ਅਤੇ ਸੇਵਾ ਮੁਕਤੀ ਬਾਰੇ ਕੌਮ ਦੀਆਂ ਸਮੁੱਚੀਆਂ ਜਥੇਬੰਦੀਆਂ ਤੇ ਸੰਸਥਾਵਾਂ ਦੇ ਨਾਲ-ਨਾਲ ਸਿੱਖ ਬੁੱਧੀਜੀਵੀਆਂ ਦੇ ਵਿਚਾਰ ਮਹੱਤਵਪੂਰਨ ਹਨ। ਇਸ ਲਈ 20 ਅਪ੍ਰੈਲ 2025 ਤੱਕ ਸ਼੍ਰੋਮਣੀ ਕਮੇਟੀ ਪਾਸ ਆਪਣੇ ਸੁਝਾਅ ਭੇਜੇ ਜਾਣ, ਤਾਂ ਜੋ ਇਨ੍ਹਾਂ ਨੂੰ ਵਿਚਾਰ ਕੇ ਸੇਵਾ ਨਿਯਮਾਂ ਵਾਸਤੇ ਇੱਕ ਸਾਂਝੀ ਕੌਮੀ ਰਾਇ ਬਣਾਈ ਜਾ ਸਕੇ।



ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਇਹ ਸੁਝਾਅ ਸ਼੍ਰੋਮਣੀ ਕਮੇਟੀ ਨੂੰ ਦਸਤੀ ਰੂਪ ਵਿਚ ਜਾਂ ਅਧਿਕਾਰਤ ਈਮੇਲ info@sgpc.net ਅਤੇ ਵਟਸਐਪ ਨੰਬਰ 77101-36200 ਉਤੇ ਭੇਜੇ ਜਾਣ।

# ਸ਼ਹੀਦ ਭਗਤ ਸਿੰਘ ਦੇ ਪਿੰਡ ਨੂੰ ਵਿਰਾਸਤੀ ਸਥਾਨ ਵਜੋਂ ਵਿਕਸਤ ਕਰਨ ਲਈ ਪ੍ਰਧਾਨ ਮੰਤਰੀ ਨੇ ਸਾਢੇ 53 ਕਰੋੜ ਰੁਪਏ ਜਾਰੀ ਕੀਤੇ : ਤਰੁਣ ਚੁੱਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ
30 ਮਾਰਚ
INTERNATIONAL PAPER, 94636 01616
hardipchumber57@gmail.com

ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਅਤੇ ਭਾਜਪਾ ਪੰਜਾਬ ਦੇ ਉਪ ਪ੍ਰਧਾਨ ਡਾ. ਸੁਭਾਸ਼ ਸ਼ਰਮਾ ਨੇ ਖਟਕੜ ਕਲਾਂ ਪਹੁੰਚ ਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪਿੰਡ ਦੀ ਪੰਚਾਇਤ ਨੇ ਦੋਵਾਂ ਆਗੂਆਂ ਨੂੰ ਸਨਮਾਨਤ ਕੀਤਾ।

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਨੂੰ ਵਿਰਾਸਤੀ ਸਥਾਨ ਵਜੋਂ ਵਿਕਸਤ ਕਰਨ ਲਈ 53 ਕਰੋੜ 45 ਲੱਖ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ। ਪਿੰਡ ਵਾਸੀਆਂ ਨੇ ਇਸ ਇਤਿਹਾਸਕ ਪਹਿਲਕਦਮੀ ਲਈ ਦੋਵਾਂ ਆਗੂਆਂ ਦਾ ਧੰਨਵਾਦ ਕੀਤਾ।

ਸ੍ਰੀ ਤਰੁਣ ਚੁੱਘ ਨੇ ਕਿਹਾ ਕਿ ਇਸ ਪ੍ਰੋਜੈਕਟ ਨੂੰ ਮਨਜ਼ੂਰੀ ਦੇ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸਨਮਾਨ ਕੀਤਾ ਹੈ। ਸੁਭਾਸ਼ ਸ਼ਰਮਾ ਦੇ ਯਤਨਾਂ ਦੀ ਪ੍ਰਸ਼ੰਸਾ



ਪਿਛਲੇ ਤਿੰਨ ਸਾਲਾਂ ਵਿੱਚ ਹਰ ਤਰ੍ਹਾਂ ਦਾ ਮਾਫੀਆ ਵਧਿਆ-ਫੁੱਲਿਆ ਹੈ। ਉਨ੍ਹਾਂ ਪ੍ਰਣ ਲਿਆ ਕਿ ਇਸ ਪਵਿੱਤਰ ਧਰਤੀ 'ਤੇ ਅਸੀਂ ਸਹੁੰ ਖਾਂਦੇ ਹਾਂ ਕਿ ਪੰਜਾਬ ਨੂੰ ਨਸ਼ਿਆਂ ਅਤੇ ਮਾਫੀਆ ਰਾਜ ਤੋਂ ਮੁਕਤ ਕੀਤਾ ਜਾਵੇਗਾ।

ਮੋਦੀ ਸਰਕਾਰ ਵੱਲੋਂ ਪੰਜਾਬ ਦੇ ਵਿਕਾਸ ਲਈ ਕੀਤੇ ਗਏ ਕੰਮਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਮੋਦੀ ਜੀ ਦਾ ਉਦੇਸ਼ ਪੰਜਾਬ ਨੂੰ ਖੁਸ਼ਹਾਲ ਅਤੇ ਸਮਰਿਧ ਬਣਾਉਣਾ ਹੈ।

ਡਾ. ਸੁਭਾਸ਼ ਸ਼ਰਮਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਮੰਤਰੀਆਂ ਗਜੇਂਦਰ ਸਿੰਘ ਸ਼ੇਖਾਵਤ ਅਤੇ ਤਰੁਣ ਚੁੱਘ ਦਾ ਇਸ ਮਹੱਤਵਪੂਰਨ ਪ੍ਰੋਜੈਕਟ ਵਿੱਚ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸ਼ਰਧਾਂਜਲੀ ਹੈ ਅਤੇ ਇਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰੇਗਾ।

ਇਸ ਸ਼ਰਧਾਂਜਲੀ ਸਮਾਰੋਹ ਵਿੱਚ ਮੌਜੂਦ ਸੈਂਕੜੇ ਪੰਜਾਬੀਆਂ ਨੇ ਸ਼ਹੀਦ ਭਗਤ ਸਿੰਘ ਦੇ ਆਦਰਸ਼ਾਂ ਨੂੰ ਮੁੜ ਸੁਰਜੀਤ ਕਰਨ ਦੇ ਆਪਣੇ ਸੰਕਲਪ ਨੂੰ ਦੁਹਰਾਇਆ। ਇਸ ਸਮਾਗਮ ਵਿੱਚ ਸ਼੍ਰੀਮਤੀ ਵਰਿੰਦਰ ਕੌਰ ਥਾਂਡੀ, ਸੁਖਮਿੰਦਰ ਗੋਲਡੀ, ਜਥੇਦਾਰ ਕੁਲਵੰਤ ਸਿੰਘ ਬਾਠ, ਐਨ ਕੇ ਵਰਮਾ, ਸੰਜੀਵ ਭਾਰਦਵਾਜ, ਪੂਨਮ ਮਾਣਿਕ, ਅਸ਼ੋਕ ਬਾਠ, ਪ੍ਰੀਤਪਾਲ ਬਜਾਜ, ਨਰਿੰਦਰ ਰਾਣਾ, ਸੁਰਿੰਦਰ ਬੱਬਲ, ਪਰਮੋਦ ਕੁਮਾਰ, ਜਗਦੀਪ ਔਜਲਾ, ਹਰਮਨਜੀਤ ਪ੍ਰਿੰਸ, ਪਵਨ ਮਨੋਚਾ, ਸ਼ਾਮ ਸੁੰਦਰ ਰੰਗਾ, ਹਰਮਿੰਦਰਪਾਲ ਸਿੰਘ ਵਾਲੀਆ, ਜਗਦੀਸ਼ ਕਾਜਲਾ, ਮੁਕੇਸ਼ ਨੱਡਾ, ਅਮਨ ਰਾਣਾ, ਨੰਦਕਿਸ਼ੋਰ ਸਮੇਤ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਮੌਜੂਦ ਸਨ।

# ਕੈਨੇਡਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਿਦੇਸ਼ੀ ਕਾਮਿਆਂ, ਵਿਦਿਆਰਥੀਆਂ ਦੇ ਵੀਜ਼ੇ ਕਰ ਰਿਹੈ ਰੱਦ!

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਕੈਨੇਡਾ ਵਿਚ ਵਿਦੇਸ਼ੀ ਕਾਮਿਆਂ ਅਤੇ ਵਿਦਿਆਰਥੀਆਂ ਲਈ ਦਰਵਾਜ਼ੇ ਬੰਦ ਹੋ ਰਹੇ ਹਨ। ਹਾਲ ਹੀ ਵਿਚ ਜਾਰੀ ਸਰਕਾਰੀ ਅੰਕੜੇ ਖੁਦ ਇਸ ਗੱਲ ਦੀ ਗਵਾਹੀ ਦੇ ਰਹੇ ਹਨ। ਕੈਨੇਡਾ ਦੇ ਸਥਾਨਕ ਅਖ਼ਬਾਰ ਨੇ ਸਰਕਾਰ ਦੇ ਵੀਜ਼ਾ ਅਸਵੀਕਾਰ ਦਰ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਕੈਨੇਡਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਿਦੇਸ਼ੀ ਕਾਮਿਆਂ, ਵਿਦਿਆਰਥੀਆਂ ਅਤੇ ਸੈਲਾਨੀਆਂ ਦੇ ਵੀਜ਼ੇ ਰੱਦ ਕਰ ਰਿਹਾ ਹੈ। 2024 ਵਿਚ 23.5 ਲੱਖ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ, ਜੋ ਕਿ ਕੁੱਲ ਅਰਜ਼ੀਆਂ ਦਾ 50% ਹੈ।

ਅੰਕੜਿਆਂ ਮੁਤਾਬਕ ਪਿਛਲੇ ਸਾਲ 18 ਲੱਖ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ ਸਨ, ਜੋ ਕਿ ਕੁੱਲ ਅਰਜ਼ੀਆਂ ਦਾ 35% ਤੋਂ ਵੱਧ ਸਨ। ਕੈਨੇਡਾ ਵਿਚ ਰਹਿਣ-ਸਹਿਣ ਦਾ ਖਰਚ ਲਗਾਤਾਰ ਵਧ ਰਿਹਾ ਹੈ ਅਤੇ ਇਸ ਤੋਂ ਇਲਾਵਾ ਰਿਹਾਇਸ਼ੀ ਸੰਕਟ ਵੀ ਪੈਦਾ ਹੋ ਗਿਆ ਹੈ। ਵਿਦੇਸ਼ੀ ਕਾਮਿਆਂ ਅਤੇ ਵਿਦਿਆਰਥੀਆਂ ਦੇ ਆਉਣ ਕਾਰਨ ਸਿਹਤ ਸੰਭਾਲ 'ਤੇ ਦਬਾਅ ਵਧ ਰਿਹਾ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਕੈਨੇਡੀਅਨ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਹ ਘੱਟੋ-ਘੱਟ ਵਿਦੇਸ਼ੀ ਲੋਕਾਂ ਨੂੰ ਦੇਸ਼ ਵਿਚ ਦਾਖਲ ਹੋਣ ਦੀ ਆਗਿਆ ਦੇਵੇਗੀ, ਜਿਸ ਕਾਰਨ ਵੀਜ਼ਾ ਰੱਦ ਹੋਣ ਦੀ ਦਰ ਵਧ ਗਈ ਹੈ।

ਵੀਜ਼ਾ ਦੀ ਹਰ ਸ਼੍ਰੇਣੀ ਵਿਚ ਅਸਵੀਕਾਰ ਦਰ ਵਧੀ ਹੈ, ਭਾਵੇਂ ਇਹ ਵਿਦਿਆਰਥੀ ਹੋਵੇ ਜਾਂ ਵਰਕ ਵੀਜ਼ਾ। ਕੈਨੇਡਾ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਯਾਤਰਾ ਕਰਨ ਜਾਂ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਵਿਜ਼ਟਰ ਵੀਜ਼ਾ ਦਿੱਤਾ ਜਾਂਦਾ ਹੈ। ਇਸ ਵੀਜ਼ਾ ਸ਼੍ਰੇਣੀ ਵਿਚ ਸਭ ਤੋਂ ਵੱਧ ਅਸਵੀਕਾਰ ਦਰ ਦੇਖੀ ਜਾਂਦੀ ਹੈ। ਵਿਜ਼ਟਰ ਵੀਜ਼ਾ ਲਈ ਅਰਜ਼ੀ ਦੇਣ ਵਾਲੇ 54% ਬਿਨੈਕਾਰਾਂ ਨੂੰ ਇਹ ਪ੍ਰਾਪਤ ਨਹੀਂ ਹੋਇਆ, ਜਦੋਂ ਕਿ 2023 ਵਿਚ ਇਹ ਅੰਕੜਾ 40% ਸੀ। ਵਿਦਿਆਰਥੀ ਪਰਮਿਟ ਰੱਦ ਹੋਣ ਦੀ ਦਰ ਵੀ ਵਧ ਕੇ 52% ਹੋ ਗਈ ਹੈ, ਜਦੋਂ ਕਿ ਪਿਛਲੇ ਸਾਲ ਇਹ 38% ਸੀ। ਘੱਟ ਵਿਦਿਆਰਥੀਆਂ ਨੂੰ ਵੀਜ਼ਾ ਮਿਲਣ ਕਾਰਨ ਦਾਖਲੇ ਵੀ ਘੱਟ ਗਏ ਹਨ, ਜਿਸ ਦਾ ਅਰਥਚਾਰਿਆਂ 'ਤੇ ਅਸਰ ਪੈ ਰਿਹਾ ਹੈ। ਕੈਨੇਡਾ ਵਿਚ ਵਿਦਿਆਰਥੀ ਵੀਜ਼ਾ ਅਰਜ਼ੀਆਂ ਵਿਚ 46% ਦੀ ਗਿਰਾਵਟ ਆਈ ਹੈ। 2023 ਵਿਚ 8,68,000 ਅਰਜ਼ੀਆਂ ਆਈਆਂ ਸਨ, ਜਦੋਂਕਿ 2024 ਵਿਚ ਇਹ ਗਿਣਤੀ ਵੱਧ ਕੇ 469,000 ਹੋ ਗਈ। ਇਹ ਗਿਰਾਵਟ ਇੱਕ ਵਿਆਪਕ ਵਿਸ਼ਵਵਿਆਪੀ ਰੁਝਾਨ ਨੂੰ ਦਰਸਾਉਂਦੀ ਹੈ, ਜਿਸ ਵਿਚ ਆਸਟ੍ਰੇਲੀਆ, ਯੂ.ਕੇ ਅਤੇ ਅਮਰੀਕਾ ਵਰਗੇ



ਦੇਸ਼ ਵੀ ਵਿਦਿਆਰਥੀ ਦਾਖਲਿਆਂ ਵਿਚ ਗਿਰਾਵਟ ਦਾ ਅਨੁਭਵ ਕਰ ਰਹੇ ਹਨ।

ਵਰਕ ਪਰਮਿਟਾਂ ਵਿਚ ਥੋੜ੍ਹਾ ਜਿਹਾ ਸੁਧਾਰ ਹੋਇਆ ਹੈ, ਪਰ ਫਿਰ ਵੀ 22% ਬਿਨੈਕਾਰਾਂ ਨੂੰ ਅਸਵੀਕਾਰ ਦਾ ਸਾਹਮਣਾ ਕਰਨਾ ਪਿਆ। ਕੈਨੇਡੀਅਨ ਸਰਕਾਰ ਨੇ 2025 ਤੋਂ 2027 ਦੇ ਵਿਚਕਾਰ ਨਵੇਂ ਸਥਾਈ ਨਿਵਾਸੀਆਂ ਦੀ ਗਿਣਤੀ 20% ਘਟਾਉਣ ਦਾ ਫੈਸਲਾ ਕੀਤਾ ਹੈ। 2025 ਵਿਚ ਸਿਰਫ਼ 395,000 ਨਵੇਂ ਆਉਣ ਵਾਲਿਆਂ ਨੂੰ ਹੀ ਸਥਾਈ ਨਿਵਾਸ ਮਿਲੇਗਾ। ਪਹਿਲਾਂ ਇਹ ਗਿਣਤੀ ਜ਼ਿਆਦਾ ਸੀ। ਕੈਨੇਡਾ ਕਿਸੇ ਵੀ ਤਰੀਕੇ ਨਾਲ ਵਿਦੇਸ਼ੀਆਂ ਦੀ ਗਿਣਤੀ ਘਟਾਉਣਾ ਚਾਹੁੰਦਾ ਹੈ, ਜਿਸ ਲਈ ਉਹ ਸਖ਼ਤ ਕਦਮ ਚੁੱਕਣ ਤੋਂ ਨਹੀਂ ਝਿਜਕ ਰਿਹਾ।

# ਪੰਜਾਬ ਦੇ 950 ਸਕੂਲ ਪ੍ਰਿੰਸੀਪਲਾਂ ਤੋਂ ਸੱਖਣੇ, ਸਰਕਾਰ ਜਲਦ ਕਰੇ ਪਦਉੱਨਤੀਆਂ: ਲੈਕਚਰਾਰ ਯੂਨੀਅਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਪੰਜਾਬ ਵਿੱਚ 1927 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚੋਂ 950 ਸਕੂਲ ਬਿਨਾਂ ਪ੍ਰਿੰਸੀਪਲ ਚਲ ਰਹੇ ਹਨ। ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੰਜੀਵ ਕੁਮਾਰ ਤੇ ,ਜਨਰਲ ਸਕੱਤਰ ਬਲਰਾਜ ਬਾਜਵਾ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਖਾਲੀ ਆਸਾਮੀਆਂ ਭਰਨ ਲਈ ਪਦਉੱਨਤੀਆਂ ਦਾ ਕੋਟਾ 75% ਅਤੇ ਸਿੱਧੀ ਭਰਤੀ 25% ਕੀਤਾ ਜਾਵੇ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮਿਲ ਸਕੇ ਅਤੇ 25 ਸਾਲ ਦੀ ਸੇਵਾ ਨਿਭਾਉਣ ਵਾਲੇ ਲੈਕਚਰਾਰਾਂ ਨੂੰ ਇਨਸਾਫ ਮਿਲ ਸਕੇ। ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਰਣਬੀਰ ਸਿੰਘ ਸੋਹਲ ਅਤੇ ਸਕੱਤਰ ਜਨਰਲ ਰਵਿੰਦਰਪਾਲ ਸਿੰਘ



ਨੇ ਦੱਸਿਆ ਕਿ ਪੰਜਾਬ ਵਿੱਚ ਸਰਕਾਰੀ ਸਕੂਲ ਦੀਆਂ ਵੱਖ ਵੱਖ ਕੈਟਾਗਰੀਜ਼ ਸਰਕਾਰੀ ਸਮਾਰਟ ਸਕੂਲ, ਸਕੂਲ ਆਫ ਐਮੀਨੈਂਸ, ਪ੍ਰਧਾਨ ਮੰਤਰੀ ਸ੍ਰੀ ਸਕੂਲ, ਸਕੂਲ ਆਫ ਹੈਪੀਨੈਸ ਬਣਾ ਕੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਪਰੰਤੂ ਅਧਿਆਪਕਾਂ ਦੀ ਘਾਟ ਕਾਰਨ ਸੁਧਾਰ ਹੋਣ ਦੀ ਥਜਾਏ ਨੁਕਸਾਨ ਹੋ ਰਿਹਾ ਹੈ।

ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਾਇੰਸ ਗਰੁਪ, ਵੋਕੇਸ਼ਨਲ ਗਰੁਪ, ਆਰਟਸ ਗਰੁਪ ਅਤੇ ਕਮਰਸ ਗਰੁਪ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਪੰਜਾਬ ਸਰਕਾਰ ਦਾ ਸਾਰਾ ਧਿਆਨ ਸਿਰਫ਼ ਸਕੂਲ ਆਫ ਐਮੀਨੈਸ ਵਲ ਲਗਾਇਆ ਜਾ ਰਿਹਾ ਹੈ।

ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਸੈਦੋਕੇ ਨੇ ਕਿਹਾ ਕਿ ਲੈਕਚਰਾਰ ਵਰਗ ਦੀਆਂ ਲਗਭਗ 5000 ਆਸਾਮੀਆਂ ਖਾਲੀ ਲਈ ਵਿਸ਼ੇਵਾਰ ਭਰਤੀ ਕੀਤੀ ਜਾਵੇ।ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਵੱਲੋਂ ਮੁਖ ਅਧਿਆਪਕ ਦੀਆਂ ਪਦਉੱਨਤੀਆਂ ਕਰਨ ਲਈ ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ ਜੀ ਦਾ ਧੰਨਵਾਦ ਕਰਦਿਆ ਮੰਗ ਕੀਤੀ ਕਿ ਲੈਕਚਰਾਰ ਤੋਂ ਪ੍ਰਿੰਸੀਪਲ ਦੀਆਂ ਪਦਉੱਨਤੀਆਂ ਪਹਿਲ ਦੇ ਆਧਾਰ ਤੇ ਕੀਤੀਆ ਜਾਣ ਤਾਂ ਜੋ ਨਵੇਂ ਦਾਖਲਾ ਅਤੇ ਸਕੂਲ ਪ੍ਰਬੰਧ ਸਹੀ ਢੰਗ ਨਾਲ ਹੋ ਸਕੇ।

ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੰਜੀਵ ਕੁਮਾਰ ਅਤੇ ਆਗੂਆਂ ਨੇ ਸਿੱਖਿਆ ਮੰਤਰੀ ਅਤੇ ਪ੍ਰਮੁੱਖ ਸਕੱਤਰ ਜੀ ਨੂੰ ਅਪੀਲ ਕਰਦਿਆ ਮੰਗ ਕੀਤੀ ਹੈ ਕਿ ਮੁੱਖ ਦਫ਼ਤਰ ਵਿਖੇ ਖਾਲੀ ਜੁਆਇੰਟ ਡਾਇਰੈਕਟਰ, ਡਿਪਟੀ ਡਾਇਰੈਕਟਰ ਅਤੇ ਜਿਲਾ ਸਿੱਖਿਆ ਅਫ਼ਸਰ ਦੀਆਂ ਆਸਾਮੀਆਂ ਪ੍ਰਿੰਸੀਪਲ ਨੂੰ ਪਦਉੱਨਤ ਕਰ ਕੇ ਭਰੀਆਂ ਜਾਣ ਤਾਂ ਜੋ ਦਫਤਰਾਂ ਵਿੱਚ ਸੁਧਾਰ ਲਿਆਉਣ ਵਿੱਚ ਮੱਦਦ ਮਿਲ ਸਕੇ। ਅਧਿਆਪਕਾਂ ਦੀ ਨਿਰਾਸ਼ਾ ਦੂਰ ਕਰਨ ਲਈ ਪੇਂਡੂ ਭੱਤਾ, ਰੋਕੇ ਹੋਏ ਏ.ਸੀ.ਪੀ.ਦੇ ਲਾਭ ਜਾਰੀ ਕੀਤੇ ਜਾਣ ।

ਇਸ ਮੌਕੇ ਅਵਤਾਰ ਸਿੰਘ ਰੋਪੜ, ਬਲਜੀਤ ਸਿੰਘ,ਬਲਦੀਸ਼ ਕੁਮਾਰ ,ਜਸਪਾਲ ਸਿੰਘ ਅਤੇ ਗੁਰਪ੍ਰੀਤ ਸਿੰਘ ਬਠਿੰਡਾ , ਡਾ.ਭੁਪਿੰਦਰ ਪਾਲ ਸਿੰਘ, ਰਾਮਵੀਰ ਸਿੰਘ ਹਾਜ਼ਰ ਹਨ।

# ਆਸਟ੍ਰੇਲੀਆ 'ਚ 3 ਮਈ ਹੋਣਗੀਆਂ ਆਮ ਚੋਣਾਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਆਸਟ੍ਰੇਲੀਆ 'ਚ ਚੋਣਾਂ ਦੀ ਮਿਤੀ ਦਾ ਐਲਾਨ ਹੋ ਗਿਆ ਹੈ, ਜਿੱਥੇ ਹੁਣ 3 ਮਈ ਨੂੰ ਆਮ ਚੋਣਾਂ ਲਈ ਵੋਟਿੰਗ ਹੋਵੇਗੀ। ਇਨ੍ਹਾਂ ਚੋਣਾਂ 'ਚ ਵਧਦੀ ਜਾ ਰਹੀ ਮਹਿੰਗਾਈ ਅਤੇ ਲੋਕਾਂ ਦੇ ਰਹਿਣ ਲਈ ਘਰਾਂ ਦੀ ਕਮੀ ਮੁੱਖ ਚੋਣ ਮੁੱਦੇ ਹੋ ਸਕਦੇ ਹਨ।

ਦੇਸ਼ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦੀ ਖੱਬੇ-ਪੱਖੀ 'ਲੇਬਰ ਪਾਰਟੀ' ਲਗਾਤਾਰ ਦੂਜੀ ਵਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਲਬਾਨੀਜ਼ ਨੇ ਸ਼ੁੱਕਰਵਾਰ ਨੂੰ ਚੋਣ ਪ੍ਰਕਿਰਿਆ ਸ਼ੁਰੂ ਕਰਨ ਲਈ ਗਵਰਨਰ ਜਨਰਲ ਸੈਮ ਮੋਸਟਿਨ ਦੇ ਸਰਕਾਰੀ ਨਿਵਾਸ ਸਥਾਨ 'ਤੇ ਜਾ ਕੇ ਕੰਮ ਕੀਤਾ ਅਤੇ ਬਾਅਦ ਵਿੱਚ ਸੰਸਦ ਭਵਨ ਵਿਖੇ ਇੱਕ ਨਿਊਜ਼ ਕਾਨਫਰੰਸ ਦੌਰਾਨ ਚੋਣ ਮਿਤੀ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ, "ਸਾਡੀ ਸਰਕਾਰ ਨੇ ਵਿਸ਼ਵਵਿਆਪੀ ਚੁਣੌਤੀਆਂ ਨਾਲ ਨਜਿੱਠਣ ਲਈ ਆਸਟ੍ਰੇਲੀਆਈ ਤਰੀਕਾ ਚੁਣਿਆ ਹੈ : ਭਵਿੱਖ ਲਈ ਨਿਰਮਾਣ ਕਰਦੇ ਹੋਏ ਲੋਕਾਂ ਨੂੰ



ਰਹਿਣ-ਸਹਿਣ ਦੇ ਖਰਚਿਆਂ ਦੇ ਦਬਾਅ ਨਾਲ ਨਜਿੱਠਣ ਵਿਚ ਮਦਦ ਕਰਨਾ।"

ਕਈ ਵਿਸ਼ਲੇਸ਼ਕਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਵਿਰੋਧੀ ਧਿਰ ਦੇ ਨੇਤਾ ਪੀਟਰ ਡੱਟਨ ਦੀ ਲਿਬਰਲ ਪਾਰਟੀ ਦੀ ਅਗਵਾਈ ਵਾਲਾ ਕੰਜ਼ਰਵੇਟਿਵ ਗੱਠਜੋੜ ਚੋਣਾਂ ਵਿਚ ਚੰਗਾ ਪ੍ਰਦਰਸ਼ਨ ਕਰੇਗਾ।

ਅਲਬਾਨੀਜ਼ ਦੇ ਸੱਤਾ ਵਿਚ ਆਉਣ ਤੋਂ ਬਾਅਦ ਆਸਟ੍ਰੇਲੀਆ ਵਿਚ ਮਹਿੰਗਾਈ ਕਾਫ਼ੀ ਵਧ ਗਈ ਹੈ ਤੇ ਲੋਕਾਂ ਦੇ ਰਹਿਣ-ਸਹਿਣ ਦਾ ਖਰਚਾ ਵੀ ਵਧ ਗਿਆ ਹੈ। ਪਿਛਲੀਆਂ ਚੋਣਾਂ ਤੋਂ ਬਾਅਦ ਵਿਆਜ ਦਰਾਂ 12 ਵਾਰ ਵਧਾਈਆਂ ਗਈਆਂ ਹਨ। ਅਲਬਾਨੀਜ਼ ਨੇ 2023 ਵਿਚ ਪੰਜ ਸਾਲਾਂ ਵਿਚ 1.2 ਮਿਲੀਅਨ ਘਰ ਬਣਾ ਕੇ ਘਰਾਂ ਦੀ ਘਾਟ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਸੀ ਪਰ ਇਸ ਦਿਸ਼ਾ ਵਿਚ ਤਰੱਕੀ ਕਾਫ਼ੀ ਹੌਲੀ ਰਹੀ ਹੈ।

# ਐਤਵਾਰ ਨੂੰ ਓਡੀਸ਼ਾ ਦੇ ਕਟਕ 'ਚ ਬੇਂਗਲੁਰੂ-ਕਾਮਾਖਿਆ ਸੁਪਰਫਾਸਟ ਐਕਸਪ੍ਰੈੱਸ (12551) ਦੇ 11 ਏਸੀ ਡੱਬੇ ਪਟੜੀ ਤੋਂ ਉਤਰੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com





ਅੱਜ ਐਤਵਾਰ ਨੂੰ ਓਡੀਸ਼ਾ ਦੇ ਕਟਕ 'ਚ ਬੇਂਗਲੁਰੂ-ਕਾਮਾਖਿਆ ਸੁਪਰਫਾਸਟ ਐਕਸਪ੍ਰੈੱਸ (12551) ਦੇ 11 ਏਸੀ ਡੱਬੇ ਪਟੜੀ ਤੋਂ ਉਤਰ ਗਏ। ਇਸ ਹਾਦਸੇ 'ਚ ਇਕ ਯਾਤਰੀ ਦੀ ਮੌਤ ਹੋ ਗਈ ਜਦਕਿ 8 ਹੋਰ ਜ਼ਖਮੀ ਹੋ ਗਏ। ਮੈਡੀਕਲ ਅਤੇ ਐਮਰਜੈਂਸੀ ਟੀਮਾਂ ਮੌਕੇ 'ਤੇ ਮੌਜੂਦ ਹਨ।

ਹਾਦਸਾ ਸਵੇਰੇ 11:54 ਵਜੇ ਮੰਗੁਲੀ ਪੈਸੇਂਜਰ ਹਾਲਟ ਦੇ ਨਾਲ ਲੱਗਦੇ ਨਿਰਗੁੰਡੀ ਸਟੇਸ਼ਨ ਦੇ ਕੋਲ ਵਾਪਰਿਆ। ਅਧਿਕਾਰੀਆਂ ਨੇ ਦੱਸਿਆ ਕਿ ਹਾਦਸੇ ਕਾਰਨ ਤਿੰਨ ਟਰੇਨਾਂ ਨੂੰ ਮੋੜ ਦਿੱਤਾ ਗਿਆ ਹੈ। ਫਸੇ ਯਾਤਰੀਆਂ ਨੂੰ ਕਾਮਾਖਿਆ ਲਿਜਾਣ ਲਈ ਵਿਸ਼ੇਸ਼ ਰੇਲਗੱਡੀ ਸ਼ਾਮ 4:10 'ਤੇ ਮੌਕੇ 'ਤੇ ਪਹੁੰਚੀ ਅਤੇ ਸ਼ਾਮ 5:05 'ਤੇ ਕਾਮਾਖਿਆ ਲਈ ਰਵਾਨਾ ਹੋਈ।

ਕਟਕ ਦੇ ਡੀਐਮ ਦੱਤਾਤ੍ਰੇਯ ਭਾਉਸਾਹਿਬ ਸ਼ਿੰਦੇ ਨੇ 1 ਯਾਤਰੀ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਜ਼ਖਮੀਆਂ ਨੂੰ ਸ਼੍ਰੀ ਰਾਮ ਚੰਦਰ ਭਾਜ ਮੈਡੀਕਲ ਕਾਲਜ (SCBMCH) ਲਈ ਰੈਫਰ ਕੀਤਾ ਗਿਆ ਹੈ। ਉਸ ਦੀ ਹਾਲਤ ਸਥਿਰ ਹੈ। ਤੇਜ਼ ਗਰਮੀ ਕਾਰਨ ਹਾਦਸੇ ਤੋਂ ਬਾਅਦ ਕੁਝ ਯਾਤਰੀ ਬਿਮਾਰ ਹੋ ਗਏ। ਉਨ੍ਹਾਂ ਦਾ ਮੌਕੇ 'ਤੇ ਸਿਹਤ ਕੈਂਪ 'ਚ ਇਲਾਜ ਕੀਤਾ ਗਿਆ।

# ਮਣੀਕਰਨ ਗੁਰਦੁਆਰਾ ਸਾਹਿਬ ਦੇ ਕੋਲ ਤੇਜ਼ ਹਵਾਵਾਂ ਕਾਰਨ ਪਹਾੜੀ ਤੋਂ ਦਰੱਖਤ ਡਿੱਗੇ, 6 ਲੋਕਾਂ ਦੀ ਮੌਤ ਕਈ ਜ਼ਖ਼ਮੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com





ਹਿਮਾਚਲ ਪ੍ਰਦੇਸ਼ ਦੇ ਧਾਰਮਿਕ ਤੇ ਸੈਰ-ਸਪਾਟਾ ਸਥਾਨ ਮਣੀਕਰਨ ਗੁਰਦੁਆਰਾ ਸਾਹਿਬ ਦੇ ਕੋਲ ਅੱਜ ਐਤਵਾਰ ਸ਼ਾਮ ਕਰੀਬ 4 ਵਜੇ ਤੇਜ਼ ਹਵਾਵਾਂ ਕਾਰਨ ਪਹਾੜੀ ਤੋਂ ਦਰੱਖਤ ਸੜਕ 'ਤੇ ਡਿੱਗ ਗਏ। ਮਲਬੇ ਹੇਠ ਦੱਬਣ ਕਾਰਨ ਛੇ ਲੋਕਾਂ ਦੀ ਮੌਤ ਹੋ ਗਈ। ਕੁਝ ਲੋਕਾਂ ਦੇ ਅਜੇ ਵੀ ਮਲਬੇ ਹੇਠਾਂ ਦੱਬੇ ਹੋਣ ਦਾ ਖਦਸ਼ਾ ਹੈ। ਪ੍ਰਸ਼ਾਸਨ ਅਤੇ ਪੁਲਿਸ ਬਚਾਅ 'ਚ ਲੱਗੀ ਹੋਈ ਹੈ।

ਜ਼ਮੀਨ ਖਿਸਕਣ ਦੇ ਨਾਲ ਹੀ ਇੱਕ ਵੱਡਾ ਚੀੜ ਦਾ ਦਰੱਖਤ ਵੀ ਸੜਕ 'ਤੇ ਡਿੱਗ ਗਿਆ। ਸੜਕ ਕਿਨਾਰੇ ਖੜ੍ਹੇ ਤਿੰਨ ਤੋਂ ਚਾਰ ਵਾਹਨ ਵੀ ਇਸ ਦੀ ਲਪੇਟ ਵਿੱਚ ਆ ਗਏ। ਕੁਝ ਲੋਕ ਗੱਡੀਆਂ ਦੇ ਅੰਦਰ ਹੀ ਫਸ ਗਏ। ਗੱਡੀਆਂ ਵਿੱਚ ਬੈਠੇ ਲੋਕ ਵੀ ਜ਼ਖ਼ਮੀ ਹੋਏ ਹਨ। ਜ਼ਖਮੀਆਂ ਦੀ ਗਿਣਤੀ ਅਜੇ ਸਪੱਸ਼ਟ ਨਹੀਂ ਹੈ।

ਸਥਾਨਕ ਲੋਕਾਂ ਦੀ ਮਦਦ ਨਾਲ ਜ਼ਖਮੀਆਂ ਨੂੰ ਨਜ਼ਦੀਕੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ ਅਤੇ ਗੰਭੀਰ ਜ਼ਖ਼ਮੀਆਂ ਨੂੰ ਕੁੱਲੂ ਰੈਫਰ ਕਰ ਦਿੱਤਾ ਗਿਆ ਹੈ। ਸੜਕ 'ਤੇ ਮਲਬੇ ਹੇਠਾਂ ਦੱਬੇ ਲੋਕਾਂ ਦੀ ਭਾਲ ਜਾਰੀ ਹੈ। ਚਸ਼ਮਦੀਦਾਂ ਮੁਤਾਬਕ ਜ਼ਮੀਨ ਖਿਸਕਣ ਤੋਂ ਬਾਅਦ ਮੌਕੇ 'ਤੇ ਹਫੜਾ-ਦਫੜੀ ਮਚ ਗਈ।

ਡੀਸੀ ਕੁੱਲੂ ਤੋਰੁਲ ਐਸ ਰਵੀਸ਼ ਨੇ ਦੱਸਿਆ ਕਿ 6 ਲੋਕਾਂ ਦੀ ਮੌਤ ਹੋ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਮੌਕੇ 'ਤੇ ਮੌਜੂਦ ਹੈ, ਰਾਹਤ ਅਤੇ ਬਚਾਅ ਦਾ ਕੰਮ ਕੀਤਾ ਜਾ ਰਿਹਾ ਹੈ।

# ਜੰਡਿਆਲਾ ਗੁਰੂ ਵਿੱਚ ਕਾਂਗਰਸ ਅਤੇ ਭਾਜਪਾ ਨੂੰ ਝਟਕਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com



ਜੰਡਿਆਲਾ ਗੁਰੂ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਦੀ ਅਗਵਾਈ ਵਿੱਚ ਸੈਂਕੜੇ ਕਾਂਗਰਸੀ ਅਤੇ ਭਾਜਪਾ ਵਰਕਰ ਪਾਰਟੀ ਵਿੱਚ ਸ਼ਾਮਲ ਹੋਏ। ਮੁੱਖ ਤੌਰ 'ਤੇ ਕਾਂਗਰਸ ਤੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਜਗਰੂਪ ਸਿੰਘ ਰੂਬੀ ਓਬੀਸੀ ਵਿੰਗ ਦੇ ਸਾਬਕਾ ਚੇਅਰਮੈਨ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਸਾਬਕਾ ਸਕੱਤਰ ਰਹਿ ਚੁੱਕੇ ਹਨ। ਇਸੇ ਤਰ੍ਹਾਂ ਤਜਿੰਦਰ ਸਿੰਘ ਚੰਦੀ ਭਾਜਪਾ ਦੇ ਓਬੀਸੀ ਮੋਰਚੇ ਦੇ ਮੌਜੂਦਾ ਸਕੱਤਰ ਹਨ।

ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਮੌਜੂਦਾ ਨੀਤੀਆਂ ਨੂੰ ਦੇਖਦਿਆਂ ਹੋਰਨਾਂ ਪਾਰਟੀਆਂ ਦੇ ਵਰਕਰ 'ਆਪ' ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਖ਼ਿਲਾਫ਼ ਮੁਹਿੰਮ ਵਿੱਢੀ ਗਈ ਹੈ। ਲੋਕ ਵੀ ਇਸ ਦਾ ਖੁੱਲ੍ਹ ਕੇ ਸਮਰਥਨ ਕਰ ਰਹੇ ਹਨ। ਆਮ ਆਦਮੀ ਪਾਰਟੀ ਹਮੇਸ਼ਾ ਆਮ ਲੋਕਾਂ ਦੇ ਨਾਲ ਖੜ੍ਹੀ ਹੈ।

ਆਪ 'ਚ ਸ਼ਾਮਲ ਹੋਣ ਤੋਂ ਬਾਅਦ ਜਗਰੂਪ ਸਿੰਘ ਰੂਬੀ ਅਤੇ ਤਜਿੰਦਰ ਸਿੰਘ ਚੰਦੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਵਿਕਾਸ ਦੀ ਨਵੀਂ ਲਹਿਰ ਸ਼ੁਰੂ ਹੋਈ ਹੈ। ਪੰਜਾਬ ਜਲਦੀ ਹੀ ਰੰਗਲਾ ਪੰਜਾਬ ਬਣਨ ਵੱਲ ਵਧ ਰਿਹਾ ਹੈ।

# 40 ਲੱਖ ਰੁਪਏ ਰਿਸ਼ਵਤ ਲੈਣ ਵਾਲੇ DSP ਨੂੰ 7 ਸਾਲ ਕੈਦ ਤੇ ਇੱਕ ਲੱਖ ਜੁਰਮਾਨਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਯੂਟੀ ਪੁਲਿਸ ਦੇ ਮੁਅੱਤਲ ਡੀਐਸਪੀ ਰਾਮ ਚੰਦਰ ਮੀਨਾ ਨੂੰ 40 ਲੱਖ ਰੁਪਏ ਦੇ ਰਿਸ਼ਵਤ ਦੇ ਮਾਮਲੇ ਵਿੱਚ 7 ਸਾਲ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ 1 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ। ਦੂਜੇ ਦੋਸ਼ੀ, ਕੇਐਲਜੀ ਹੋਟਲ ਗਰੁੱਪ ਦੇ ਮਾਲਕ ਅਮਨ ਗਰੋਵਰ ਨੂੰ 4 ਸਾਲ ਦੀ ਕੈਦ ਅਤੇ 20,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।

ਇਹ ਮਾਮਲਾ 12 ਅਗਸਤ, 2015 ਦਾ ਹੈ, ਜਦੋਂ ਸੀਬੀਆਈ ਨੇ ਜਾਲ ਵਿਛਾਇਆ ਅਤੇ ਆਰਥਿਕ ਸੈੱਲ ਦੇ ਐਸਆਈ ਸੁਰਿੰਦਰ ਅਤੇ ਬਰਕਲੇ ਆਟੋਮੋਬਾਈਲਜ਼ ਦੇ ਮਾਲਕ ਸੰਜੇ ਦਹੂਜਾ ਨੂੰ 40 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ। ਜਾਂਚ ਵਿੱਚ ਡੀਐਸਪੀ ਮੀਨਾ ਅਤੇ ਅਮਨ ਗਰੋਵਰ ਦੀ ਸ਼ਮੂਲੀਅਤ ਸਾਹਮਣੇ ਆਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ।



# ਨਿਊਜਰਸੀ ਦੀ ਭਾਰਤੀ ਟ੍ਰੈਵਲ ਏਜੰਟ ਭਾਵਨਾ ਆਨੰਦ ਨੇ 896,000 ਹਜ਼ਾਰ ਡਾਲਰ ਦੀ ਮਾਰੀ ਠੱਗੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

ਨਿਊਜਰਸੀ, 29 ਮਾਰਚ (ਰਾਜ ਗੋਗਨਾ/ ਪੰਜਾਬ ਮੇਲ)-ਅਮਰੀਕਾ ਦੇ ਨਿਊਜਰਸੀ ਸੂਬੇ ਦੇ ਸ਼ਹਿਰ ਗਾਰਫੀਲਡ 'ਚ ਇਕ ਭਾਰਤੀ ਮੂਲ ਦੀ ਟ੍ਰੈਵਲ ਏਜੰਟ ਭਾਵਨਾ ਆਨੰਦ ਨੇ 82 ਗਾਹਕਾਂ ਦੇ ਤਕਰੀਬਨ 9 ਲੱਖ ਡਾਲਰਾਂ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਨਿਊਜਰਸੀ ਰਾਜ ਦੀ ਬਰਗਨ ਕਾਉਂਟੀ ਦੀ ਇਸ ਭਾਰਤੀ ਔਰਤ ਨੂੰ ਜਾਅਲੀ ਯਾਤਰਾ ਬੁਕਿੰਗ ਰਾਹੀਂ ਲਗਭਗ M900,000 ਚੋਰੀ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰੀ ਵਕੀਲ ਮਾਰਕ ਮੁਸੇਲਾ ਦੇ ਅਨੁਸਾਰ, ਨਿਊਜਰਸੀ ਸੂਬੇ ਦੇ ਸ਼ਹਿਰ ਗਾਰਫੀਲਡ ਦੀ 39 ਸਾਲਾ ਭਾਵਨਾ ਆਨੰਦ ਨੂੰ ਚੀਫ਼ ਮੈਥਿਊ ਫਿੰਕ ਦੇ ਨਿਰਦੇਸ਼ਾਂ ਹੇਠ ਬਰਗਨ ਕਾਉਂਟੀ ਪ੍ਰੌਸੀਕਿਊਟਰ ਦਫ਼ਤਰ ਦੀ ਵਿੱਤੀ ਅਪਰਾਧ ਇਕਾਈ ਦੁਆਰਾ ਮਹੀਨਿਆਂ ਤੱਕ ਚੱਲੀ ਜਾਂਚ ਤੋਂ ਬਾਅਦ ਸੈਡਲ ਬਰੁੱਕ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਜਨਵਰੀ 2017 ਅਤੇ ਦਸੰਬਰ 2024 ਦੇ ਵਿਚਕਾਰ, ਆਨੰਦ ਨੇ ਕਈ ਮੌਕਿਆਂ 'ਤੇ 'ਘੱਟੋ-ਘੱਟ ਤਿੰਨ ਜਾਣਕਾਰਾਂ ਦੀ ਪਛਾਣ ਚੋਰੀ ਕੀਤੀ ਅਤੇ ਉਸਨੇ ਕਥਿਤ ਤੌਰ 'ਤੇ ਬੈਂਕ, ਨਿਵੇਸ਼ ਅਤੇ ਜੀਵਨ ਬੀਮਾ ਖਾਤਿਆਂ ਤੱਕ ਪਹੁੰਚ



ਕਰਨ ਲਈ ਉਨ੍ਹਾਂ ਦੀ ਨਿੱਜੀ ਜਾਣਕਾਰੀ ਦੀ ਵਰਤੋਂ ਕੀਤੀ ਕਰਕੇ ਅੰਤ ਵਿਚ 787,556 ਡਾਲਰ ਨੂੰ ਉਸਦੇ ਨਿਯੰਤਰਿਤ ਖਾਤਿਆਂ ਵਿਚੋ ਆਪਣੇ ਨਾਂ 'ਤੇ ਟਰਾਂਸਫਰ ਕੀਤੇ।

# ਟੌਂਗਾ ਵਿੱਚ 7.1 ਸ਼ਿੱਦਤ ਵਾਲੇ ਭੂਚਾਲ ਦਾ ਝਟਕਾ, ਸੁਨਾਮੀ ਦੀ ਚਿਤਾਵਨੀ ਵਾਪਸ ਲਈ;

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com



ਪ੍ਰਸ਼ਾਂਤ ਮਹਾਸਾਗਰ ਵਿੱਚ ਸਥਿਤ ਇਕ ਟਾਪੂ ਦੇਸ਼ ਟੌਂਗਾ (Tonga) ਨੇੜੇ ਅੱਜ 7.1 ਤੀਬਰਤਾ ਦਾ ਜਬਰਦਸਤ ਭੂਚਾਲ ਆਇਆ। ਭੂਚਾਲ ਤੋਂ ਬਾਅਦ ਦੇਸ਼ ਵਿੱਚ ਸੁਨਾਮੀ ਦੀ ਚਿਤਾਵਨੀ ਕੀਤੀ ਗਈ ਹੈ। ਹਾਲਾਂਕਿ ਬਾਅਦ 'ਚ ਸੁਨਾਮੀ ਦੀ ਚਿਤਾਵਨੀ ਵਾਪਸ ਲੈ ਲਈ ਗਈ। ਦੂਜੇ ਪਾਸੇ ਭੂਚਾਲ ਕਾਰਨ ਕਿਸੇ ਨੁਕਸਾਨ ਦੀ ਫਿਲਹਾਲ ਕੋਈ ਸੂਚਨਾ ਨਹੀਂ ਹੈ।

ਅਮਰੀਕੀ ਭੂ-ਵਿਗਿਆਨ ਸਰਵੇਖਣ ਅਨੁਸਾਰ ਇਹ ਭੂਚਾਲ ਸਥਾਨਕ ਸਮੇਂ ਸੋਮਵਾਰ ਤੜਕੇ ਮੁੱਖ ਟਾਪੂ ਦੇ ਲਗਪਗ 100 ਕਿਲੋਮੀਟਰ (62 ਮੀਲ) ਉੱਤਰ-ਪੂਰਬ ਵਿੱਚ ਆਇਆ।

ਹਵਾਈ ਸਥਿਤ ਪ੍ਰਸ਼ਾਂਤ ਸੁਨਾਮੀ ਕੇਂਦਰ ਨੇ ਚਿਤਾਵਨੀ ਜਾਰੀ ਕਰਦਿਆਂ ਕਿਹਾ ਕਿ ਭੂਚਾਲ ਦੇ ਕੇਂਦਰ ਤੋਂ 300 ਕਿਲੋਮੀਟਰ (185 ਮੀਲ) ਦੇ ਦਾਇਰੇ 'ਚ ਤੱਟ 'ਤੇ ਖ਼ਤਰਨਾਕ ਲਹਿਰਾਂ ਉਠ ਸਕਦੀਆਂ ਹਨ। ਪਰ ਬਾਅਦ 'ਚ ਕਿਹਾ ਕਿ ਹੁਣ ਸੁਨਾਮੀ ਦਾ ਕੋਈ ਖ਼ਤਰਾ ਨਹੀਂ ਹੈ।

Talanoa o Tonga news site ਮੁਤਾਬਕ ਸਵੇਰੇ 1.18 ਵਜੇ ਆਏ ਭੂਚਾਲ ਮਗਰੋਂ ਸੁਨਾਮੀ ਦੇ ਸਾਇਰਨ ਸੁਣਾਈ ਦਿੱਤੇ ਜਿਸ ਮਗਰੋਂ ਲੋਕਾਂ ਨੂੰ ਦੂਜੇ ਥਾਵਾਂ 'ਤੇ ਜਾਣ ਲਈ ਕਿਹਾ ਗਿਆ। ਮੁੱਢਲੀਆਂ ਰਿਪਰਟਾਂ ਮੁਤਾਬਕ ਨੁਕਸਾਨ ਦੀ ਕੋਈ ਸੂਚਨਾ ਨਹੀਂ ਮਿਲੀ।

ਦੱਸਣਯੋਗ ਹੈ ਕਿ Polynesia ਵਿੱਚ ਸਥਿਤ ਟੌਂਗਾ 171 ਟਾਪੂਆਂ ਤੋਂ ਬਣਿਆ ਹੋਇਆ ਮੁਲਕ ਹੈ ਅਤੇ ਇਸ ਦੀ ਆਬਾਦੀ 1,00,000 ਤੋਂ ਕੁਝ ਵੱਧ ਹੈ। ਮੁਲਕ ਦੀ ਬਹੁਤੀ ਆਬਾਦੀ ਮੁੱਖ ਟਾਪੂ ਟੌਂਗਾਟਾਪੂਰ 'ਤੇ ਰਹਿੰਦੀ ਹੈ। ਇਹ ਆਸਟਰੇਲੀਆ ਦੇ ਪੂਰਬੀ ਤੱਟ ਤੋਂ 3,500 ਕਿਲੋਮੀਟਰ (2,000) ਤੋਂ ਵੱਧ ਦੀ ਦੂਰੀ 'ਤੇ ਸਥਿਤ ਹੈ। -ਏਪੀ

# ਨੌਜਵਾਨ ਬਦਲਾਅ ਦੀ ਮਸ਼ਾਲ ਹਨ: 'ਆਪ' ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਅੱਜ ਚੰਡੀਗੜ੍ਹ ਵਿਖੇ ਪੰਜਾਬ ਦੇ ਨੌਜਵਾਨਾਂ ਨਾਲ ਪ੍ਰੇਰਨਾਦਾਇਕ ਅਤੇ ਸਾਰਥਕ ਗੱਲਬਾਤ ਕੀਤੀ। ਇਸ ਮੌਕੇ 'ਆਪ' ਦੇ ਯੂਥ ਵਿੰਗ, ਵਿਦਿਆਰਥੀ ਵਿੰਗ (ਸੀ.ਵਾਈ.ਐੱਸ.ਐੱਸ.), ਯੂਥ ਕਲੱਬਾਂ ਅਤੇ ਹੋਰ ਵੱਖ-ਵੱਖ ਫਰੰਟਾਂ ਦੇ ਯੂਥ ਆਗੂਆਂ ਨੇ ਸ਼ਿਰਕਤ ਕੀਤੀ।

ਸਿਸੋਦੀਆ ਦੀ ਨੌਜਵਾਨਾਂ ਨਾਲ ਗੱਲਬਾਤ ਵਿੱਚ



ਬੇਰੁਜ਼ਗਾਰੀ, ਨਸ਼ਾਖੋਰੀ ਅਤੇ ਸਿੱਖਿਆ, ਉਨ੍ਹਾਂ ਦੇ ਸੁਪਨੇ, ਪੇਂਡੂ ਨੌਜਵਾਨਾਂ ਦੀਆਂ ਇੱਛਾਵਾਂ, ਭਵਿੱਖ ਲਈ ਉਨ੍ਹਾਂ ਦੀ ਦ੍ਰਿਸ਼ਟੀ ਅਤੇ ਉਨ੍ਹਾਂ ਦੇ ਹਾਲਾਤਾਂ ਨੂੰ ਬਦਲਣ ਲਈ ਉਨ੍ਹਾਂ ਦੇ ਦ੍ਰਿੜ ਇਰਾਦੇ ਵਰਗੇ ਮੁੱਦੇ ਸ਼ਾਮਲ ਸਨ।

ਨੌਜਵਾਨਾਂ ਦੇ ਜਨੂੰਨ ਅਤੇ ਦ੍ਰਿੜ ਇਰਾਦੇ ਦੀ ਪ੍ਰਸ਼ੰਸਾ ਕਰਦੇ ਹੋਏ ਮਨੀਸ਼ ਸਿਸੋਦੀਆ ਨੇ ਕਿਹਾ, "ਇਹ ਸੁਣਨਾ ਕਿ ਕਿਵੇਂ ਇਹ ਨੌਜਵਾਨ ਦਿਮਾਗ ਆਪਣੀ ਅਸਲੀਅਤ ਨੂੰ ਬਦਲਣਾ ਚਾਹੁੰਦੇ ਹਨ ਅਤੇ ਅਰਥਪੂਰਨ ਤਬਦੀਲੀ ਲਿਆਉਣ ਲਈ ਸਿਸਟਮ ਦਾ ਹਿੱਸਾ ਬਣਨਾ ਚਾਹੁੰਦੇ ਹਨ। ਅੱਜ ਦੇ ਸੰਵਾਦ ਨੇ ਇੱਕ ਸਪੱਸ਼ਟ ਅਹਿਸਾਸ ਲਿਆਇਆ ਕਿ ਜੇਕਰ ਅਸੀਂ ਦੇਸ਼ ਨੂੰ ਬਦਲਣਾ ਚਾਹੁੰਦੇ ਹਾਂ, ਤਾਂ ਸਾਨੂੰ ਨੌਜਵਾਨਾਂ ਦੀ ਆਵਾਜ਼ ਸੁਣਨੀ ਪਵੇਗੀ"

ਆਪਣੇ ਸੰਬੋਧਨ ਦੌਰਾਨ ਸਿਸੋਦੀਆ ਨੇ ਨਿਆਂ ਨੂੰ ਅੱਗੇ ਵਧਾਉਣ ਅਤੇ ਤਬਦੀਲੀ ਦੀ ਸ਼ੁਰੂਆਤ ਕਰਨ ਵਿੱਚ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਿਹਾ, "ਭਾਵੇਂ ਇਹ ਇਨਸਾਫ਼ ਲਈ ਲੜਾਈ ਹੋਵੇ ਜਾਂ ਨਵੇਂ ਯੁੱਗ ਦੀ ਸ਼ੁਰੂਆਤ, ਨੌਜਵਾਨ ਹਮੇਸ਼ਾ ਆਪਣੀ ਆਵਾਜ਼ ਬੁਲੰਦ ਕਰਨ ਵਿੱਚ ਸਭ ਤੋਂ ਪਹਿਲਾਂ ਹੁੰਦੇ ਹਨ।"

ਇਸ 'ਤੇ ਮਾਣ ਜ਼ਾਹਰ ਕਰਦੇ ਹੋਏ ਸਿਸੋਦੀਆ ਨੇ ਕਿਹਾ, "ਮੈਂ ਅਜਿਹੇ ਨੌਜਵਾਨਾਂ ਨਾਲ ਕੰਮ ਕਰਕੇ ਆਪਣੇ ਆਪ ਨੂੰ ਸਨਮਾਨਤ ਮਹਿਸੂਸ ਕਰਦਾ ਹਾਂ ਜੋ ਨਾ ਸਿਰਫ ਸਿਸਟਮ 'ਤੇ ਸਵਾਲ ਉਠਾਉਂਦੇ ਹਨ, ਸਗੋਂ ਜਵਾਬ ਦੇਣ ਦੀ ਕੋਸ਼ਿਸ਼ ਵੀ ਕਰਦੇ ਹਨ। ਉਹ ਸਮਾਜ ਦੇ ਸੱਚੇ ਪਰਿਵਰਤਨਕਰਤਾ ਹਨ।"

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

### ਕੱਲ੍ਹ ਦਾ ਬਾਕੀ ਭਾਗ

ਉਪਨਿਸ਼ਦਾਂ ਦੇ ਇਸ ਕਾਰਖਾਨੇ ਦੇ ਬ੍ਰਹਮਾ ਅਤੇ ਆਤਮਾ ਇਨ੍ਹਾਂ ਦੋਵਾਂ ਗੱਲਾਂ ਦੀ ਗੱਲ ਕੀਤੀ ਜਾਵੇ, ਤਾਂ ਬੁੱਧ ਨੇ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਸਵੀਕਾਰ ਨਹੀਂ ਕੀਤਾ। ਬੁੱਧ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਮੈਨੂੰ ਈਸ਼ਵਰ ਨਹੀਂ ਚਾਹੀਦਾ, ਮੈਨੂੰ ਰੱਬ ਨਹੀਂ ਚਾਹੀਦਾ। ਮੈਂ ਚਾਹੁੰਦਾ ਹਾਂ ਕਿ ਇਸ ਧਰਤੀ 'ਤੇ ਪੈਦਾ ਹੋਇਆ ਹਰ ਵਿਅਕਤੀ ਖੁਸ਼ੀ ਅਤੇ ਸ਼ਾਂਤੀ ਨਾਲ ਰਹੇ। ਅਜਿਹਾ ਨਹੀਂ ਹੈ ਕਿ ਬੁੱਧ ਨੇ ਸਿਰਫ਼



ਸ਼ਾਂਤੀ ਦੀ ਗੱਲ ਕੀਤੀ ਸੀ, ਬੁੱਧ ਇੱਕ ਸੱਚੇ ਚਿੰਤਕ ਸਨ। ਉਨ੍ਹਾਂ ਵਰਗਾ ਚਿੰਤਕ ਸੰਸਾਰ ਵਿੱਚ ਕਦੇ ਨਹੀਂ ਹੋਇਆ।

ਬੁੱਧ ਨੂੰ ਵੇਦ ਬਿਲਕੁਲ ਪਸੰਦ ਨਹੀਂ ਸਨ। ਉਸ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ। ਵਰਣ ਪ੍ਰਣਾਲੀ ਵੀ ਬੁੱਧ ਨੂੰ ਮਨਜ਼ੂਰ ਨਹੀਂ ਸੀ। ਬੋਧੀ ਸਾਹਿਤ ਵਿੱਚ, ਬੁੱਧ ਨੇ ਹਰ ਵਾਰ ਚਤੁਰਵਰਨਿਆ ਉੱਤੇ ਹਮਲਾ ਕੀਤਾ ਹੈ ਅਤੇ ਇਸ ਲਈ ਉਨ੍ਹਾਂ ਨੂੰ ਕੱਟੜ ਹਿੰਦੂ ਧਰਮ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਦੇਸ਼ ਵਿੱਚ ਤਿੰਨ ਪ੍ਰਮੁੱਖ ਧਰਮ ਹਨ। ਹਿੰਦੂ, ਜੈਨ ਅਤੇ ਬੋਧੀ। ਮੈਂ ਜੈਨੀਆਂ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ। ਬੁੱਧ ਨੇ ਜਾਤੀ ਭੇਦਭਾਵ ਉੱਤੇ ਤਿੱਖਾ ਹਮਲਾ ਕੀਤਾ। ਮੇਰਾ ਬ੍ਰਾਹਮਣਾਂ ਨਾਲ ਵੈਰ ਨਹੀਂ ਹੈ, ਪਰ ਮੈਂ ਇਹ ਨਹੀਂ ਮੰਨਦਾ ਕਿ ਇੱਕ ਬ੍ਰਾਹਮਣ ਤਿੰਨਾਂ ਸੰਸਾਰਾਂ ਵਿੱਚ ਉੱਤਮ ਹੈ, ਭਾਵੇਂ ਉਹ ਭ੍ਰਿਸ਼ਟ ਹੋਵੇ। ਇਹ ਉਹਨਾਂ ਦੇ ਵਿਚਾਰ ਸਨ।

ਜਾਤੀਵਾਦ ਦੀਆਂ ਜੜ੍ਹਾਂ ਨੂੰ ਹਮੇਸ਼ਾ ਲਈ ਉਖਾੜਨ ਲਈ, ਸਾਡੇ ਲਈ ਹਿੰਦੂ ਧਰਮ ਦਾ ਤਿਆਗ ਕਰਨਾ ਜ਼ਰੂਰੀ ਹੈ। ਜਿਹੜੇ ਲੋਕ ਆਰਾਮ ਨਾਲ ਰਹਿ ਰਹੇ ਹਨ ਉਨ੍ਹਾਂ ਨੂੰ ਸ਼ਾਇਦ ਪਤਾ ਨਾ ਹੋਵੇ ਕਿ ਉਨ੍ਹਾਂ ਦੇ ਹੇਠਾਂ ਕੀ ਸੜ ਰਿਹਾ ਹੈ। ਜੇ ਜਾਤੀਵਾਦ ਦੇ ਸਮਾਜਿਕ ਢਾਂਚੇ ਨੂੰ ਖਤਮ ਕਰਨਾ ਹੈ, ਤਾਂ ਸਾਨੂੰ ਬੁੱਧ ਧਰਮ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਮੈਂ ਇਹ ਸਿਰਫ਼ ਉੱਪਰੋਂ ਹੀ ਨਹੀਂ ਕਹਿ ਰਿਹਾ, ਮੈਂ ਇਹ ਆਪਣੇ ਦਿਲ ਦੀ ਗਹਿਰਾਈ ਤੋਂ ਕਹਿ ਰਿਹਾ ਹਾਂ। ਜਿਵੇਂ ਹੀ ਪਾਂਡਵ ਜਲਾਵਤਨੀ ਲਈ ਗਏ ਸਨ, ਉਨ੍ਹਾਂ ਨੇ ਆਪਣੇ ਸਾਰੇ ਹਥਿਆਰ ਸ਼ਮੀ ਦੇ ਰੁੱਖ ਉੱਤੇ ਰੱਖ ਦਿੱਤੇ ਅਤੇ ਚੁੱਪਚਾਪ ਜਲਾਵਤਨੀ ਲਈ ਰਵਾਨਾ ਹੋ ਗਏ। ਇਸ ਤੋਂ ਬਾਅਦ ਉਨ੍ਹਾਂ ਨੇ ਹਥਿਆਰ ਕਢੇ ਅਤੇ ਵਾਰ ਕਰਨਾ ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਅਸੀਂ ਵੀ ਆਪਣੇ ਹਥਿਆਰ ਵੀ ਕੱਢ ਲਵਾਂਗੇ। ਮੈਂ ਆਪਣੇ ਪ੍ਰਚਾਰ ਨੂੰ ਸਿਰਫ਼ ਤੁਹਾਡੇ ਤੱਕ ਸੀਮਤ ਨਹੀਂ ਰੱਖਾਂਗਾ। ਮੈਂ ਪੂਰੇ ਹਿੰਦੂ ਧਰਮ ਨੂੰ ਇਸ ਨਵੇਂ ਖੇਤਰ ਵਿੱਚ ਲਿਆਉਣ ਦੀ ਕੋਸ਼ਿਸ਼ ਕਰਾਂਗਾ। ਇਹ ਵੇਖਣਾ ਬਾਕੀ ਹੈ ਕਿ ਇਹ ਕਿੰਨਾ ਸਫਲ ਹੁੰਦਾ ਹੈ। ਮਨੁੱਖਤਾ ਦੀ ਰੱਖਿਆ ਲਈ, ਭਾਰਤ ਨੂੰ ਇਸ ਧਰਮ ਵੱਲ ਵਧ ਕੇ ਪੂਰੀ ਦੁਨੀਆ ਦੀ ਅਗਵਾਈ ਕਰਨੀ ਪਵੇਗੀ? ਇਸ ਲਈ ਮੈਂ ਬੁੱਧ ਧਰਮ ਦੀ ਬਾਈਬਲ ਲਿਖੀ ਹੈ, ਜੋ ਜਲਦੀ ਹੀ ਪ੍ਰਕਾਸ਼ਿਤ ਕੀਤੀ ਜਾਵੇਗੀ। ਇਸ ਨੂੰ ਪੜ੍ਹਨ ਤੋਂ ਬਾਅਦ, ਇਹ ਫੈਸਲਾ ਕਰਨਾ ਤੁਹਾਡੇ ਹੱਥ ਵਿੱਚ ਹੋਵੇਗਾ ਕਿ ਬੁੱਧ ਧਰਮ ਨੂੰ ਸਵੀਕਾਰ ਕਰਨਾ ਹੈ ਜਾਂ ਨਹੀਂ। ਮੇਰਾ ਪੱਕਾ ਵਿਸ਼ਵਾਸ ਹੈ ਕਿ ਕੇਵਲ ਬੁੱਧ ਦਾ ਧੰਮ ਹੀ ਸੰਸਾਰ ਨੂੰ ਵਿਨਾਸ਼ ਤੋਂ ਬਚਾ ਸਕਦਾ ਹੈ ਅਤੇ ਸਾਰੇ ਜੀਵਾਂ ਦੀ ਭਲਾਈ ਕਰ ਸਕਦਾ ਹੈ। ਤੁਹਾਨੂੰ ਉਸ ਰਸਤੇ ਨੂੰ ਯਾਦ ਰੱਖਣਾ ਹੋਵੇਗਾ ਜੋ ਤੁਸੀਂ ਇੱਕ ਵਾਰ ਅਪਣਾਇਆ ਸੀ। ਮੈਂ ਮੁੰਬਈ ਵਿੱਚ ਇੱਕ ਬੁੱਧ ਵਿਹਾਰ ਬਣਾਉਣ ਜਾ ਰਿਹਾ ਹਾਂ। ਆਓ ਅਸੀਂ ਸਾਰੇ ਇਸ ਸ਼ੁਭ ਮੌਕੇ 'ਤੇ ਬੁੱਧ ਧਰਮ ਨੂੰ ਮੁੜ ਸੁਰਜੀਤ ਕਰਨ ਦਾ ਸੰਕਲਪ ਲਈਏ।

### ਅਕਸ ਖਰਾਬ ਕਰਨ ਵਾਲੇ ਕੱਪੜੇ ਨਾ ਪਹਿਨੋ।

ਅਛੂਤ ਸੰਗਠਨ ਚੈਂਬੂਰ, ਮੁੰਬਈ ਦੀ ਮੰਡਲ ਦੀ ਤਰਫੋਂ ਡਾ. ਬਾਬਾ ਸਾਹਿਬ ਅੰਬੇਡਕਰ ਨੂੰ ਡਾਇਮੰਡ ਜੁਬਲੀ ਦੇ ਮੌਕੇ 'ਤੇ ਇਮਾਰਤ ਫੰਡ ਵਿੱਚ 1001. ਇਸ ਮੌਕੇ 'ਤੇ ਡਾ. ਬਾਬਾ ਸਾਹਿਬ ਅੰਬੇਡਕਰ ਨੇ ਸ਼ੁੱਕਰਵਾਰ, 29 ਮਈ, 1953 ਨੂੰ ਚੈਂਬੂਰ ਡਿਵੀਜ਼ਨ ਦਾ ਦੌਰਾ ਕੀਤਾ। ਹਾਲਾਂਕਿ ਹੈਂਡਬਿਲਾਂ ਦੀ ਛਪਾ ਕੇ ਨਹੀਂ ਵੰਡੇ ਗਏ ਸਨ, ਪਰ ਪ੍ਰੋਗਰਾਮ ਲਈ ਵੱਡੀ ਭੀੜ ਮੌਜੂਦ ਸੀ।

ਇਸ ਮੌਕੇ ਡਾ. ਬਾਬਾ ਸਾਹਿਬ ਅੰਬੇਡਕਰ ਨੇ ਅਛੂਤਾਂ ਨੂੰ ਕਿਸ ਤਰ੍ਹਾਂ ਦੇ ਕੱਪੜੇ ਪਹਿਨਣੇ ਚਾਹੀਦੇ ਹਨ ਅਤੇ ਕਿਸ ਤਰ੍ਹਾਂ ਦੇ ਗਹਿਣੇ ਪਹਿਨਣੇ ਚਾਹੀਦੇ ਹਨ, ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।

ਇੱਕ ਹਜ਼ਾਰ ਇੱਕ ਰੁਪਏ ਨਾਲ ਅੱਜ ਤੱਕ ਤੁਸੀਂ ਬਿਲਡਿੰਗ ਫੰਡ ਵਿੱਚ ਚਾਰ ਹਜ਼ਾਰ ਤੋਂ ਵੱਧ ਰੁਪਏ ਦਿੱਤੇ ਹਨ। ਇਹ ਜਾਣਕਾਰੀ ਮੈਨੂੰ ਮੇਰੇ ਦੋਸਤ ਸ੍ਰੀ ਉਪਸ਼ਮ, ਐਸ. ਕੇ. ਇੰਪਰੂਵਮੈਂਟ ਟਰੱਸਟ ਦੇ ਸਕੱਤਰ ਦੁਆਰਾ ਦਿੱਤੀ ਗਈ ਹੈ। ਤੁਹਾਡੇ ਪਿੰਡ ਦੇ ਅਨੁਸਾਰ ਇਹ ਬਹੁਤ ਵੱਡੀ ਰਕਮ ਹੈ। ਮੈਂ ਤੁਹਾਡੇ ਵੱਲੋਂ ਇੰਨੇ ਪੈਸੇ ਦਿੱਤੇ ਜਾਣ 'ਤੇ ਸੰਤੁਸ਼ਟੀ ਪ੍ਰਗਟ ਕਰਦਾ ਹਾਂ। ਜਿਵੇਂ ਤੁਸੀਂ ਆਪਣਾ ਫਰਜ਼ ਨਿਭਾਇਆ ਹੈ, ਦੂਸਰੇ ਵੀ ਆਪਣਾ ਫਰਜ਼ ਨਿਭਾਉਂਦੇ ਹਨ, ਤਾਂ ਮੁੰਬਈ ਵਿੱਚ ਹੀ ਇੱਕ ਲੱਖ ਰੁਪਏ ਤੋਂ ਵੱਧ ਦਾ ਫੰਡ ਇਕੱਠਾ ਹੋਵੇਗਾ, ਜਿਸ ਦੇ ਅਧਾਰ 'ਤੇ ਮੈਨੂੰ ਉਮੀਦ ਹੈ ਕਿ ਅਸੀਂ ਇੱਕ ਬਹੁਤ ਵੱਡੀ ਇਮਾਰਤ ਬਣਾ ਸਕਾਂਗੇ।

ਅੱਜ-ਕੱਲ੍ਹ ਮੈਨੂੰ ਸਾਡੇ ਸਮਾਜ ਦੇ ਨੌਜਵਾਨਾਂ ਅਤੇ ਜਵਾਨ ਔਰਤਾਂ ਦੇ ਕੱਪੜੇ ਪਸੰਦ ਹਨ। ਹਮੇਸ਼ਾ ਆਪਣੇ ਹੱਥ ਵਿੱਚ ਘੱਟੋ-ਘੱਟ ਦੋ ਕੱਪੜੇ ਰੱਖੋ। ਇੱਕ ਕੱਪੜੇ ਵਪਾਰ ਦੇ ਸਮੇਂ ਪਹਿਨਿਆ ਜਾਣਾ ਚਾਹੀਦਾ ਹੈ ਅਤੇ ਦੂਜਾ ਵਪਾਰ ਦੇ ਬਾਅਦ ਪਹਿਨਿਆ ਜਾਣਾ ਚਾਹੀਦਾ ਹੈ। ਸਾਡੇ ਬਹੁਤ ਸਾਰੇ ਲੋਕ ਵੱਖ-ਵੱਖ ਦਫਤਰਾਂ ਅਤੇ ਕੰਪਨੀਆਂ ਵਿੱਚ ਕੰਮ ਕਰਦੇ ਹਨ। ਉੱਥੇ ਉਨ੍ਹਾਂ ਨੂੰ ਖਾਕੀ ਕੱਪੜੇ ਮਿਲਦੇ ਹਨ। ਇਸ ਨੂੰ ਸਿਰਫ ਕੰਮ ਦੇ ਦੌਰਾਨ ਹੀ ਪਹਿਨਿਆ ਜਾਣਾ ਚਾਹੀਦਾ ਹੈ। ਘਰ ਪਰਤਣ ਤੋਂ ਬਾਅਦ, ਉਨ੍ਹਾਂ ਨੂੰ ਸਹੀ ਕੱਪੜੇ ਪਹਿਨਣੇ ਚਾਹੀਦੇ ਹਨ। ਕੰਮ ਦੌਰਾਨ ਪਹਿਨੇ ਜਾਣ ਕਪੜੇ ਨਿੱਜੀ ਸਮਾਗਮਾਂ ਜਿਵੇਂ ਮੀਟਿੰਗਾਂ, ਰਸਮਾਂ ਜਾਂ ਵਿਆਹਾਂ ਦੌਰਾਨ ਪਹਿਨੇ ਹੋਏ ਕੱਪੜੇ ਪਹਿਨਣਾ ਚੰਗਾ ਨਹੀਂ ਹੈ।

ਮੈਨੂੰ ਸੰਤੁਸ਼ਟੀ ਹੈ ਕਿ ਸਾਡੇ ਸਮਾਜ ਦੇ ਲੋਕਾਂ ਦੇ ਪਹਿਰਾਵੇ ਵਿੱਚ ਬਹੁਤ ਤਬਦੀਲੀ ਆਈ ਹੈ। ਹਾਲਾਂਕਿ, ਬਜ਼ੁਰਗ ਔਰਤਾਂ ਦੇ ਕੱਪੜਿਆਂ ਵਿੱਚ ਤਬਦੀਲੀਆਂ ਕੀਤੀਆਂ ਜਾਣੀਆਂ ਬਾਕੀ ਹਨ। ਜੇ ਉਨ੍ਹਾਂ ਨੂੰ ਜੰਪਰ, ਪੋਲਕਾ ਵਰਗੇ ਨਵੇਂ ਕੱਪੜੇ ਪਹਿਨਣੇ ਪਸੰਦ ਨਹੀਂ ਹਨ ਤਾਂ ਇਸ ਨੂੰ ਨਾ ਪਹਿਨੋ, ਪਰ ਜੇ ਤੁਸੀਂ ਪੁਰਾਣੀ ਚੋਲੀ-ਲੁਗਾ

"ਇਕੁਐਲਿਟੀ ਐਂਡ ਜਸਟਿਸ"
"Equality and Justice"

(ਸਾੜੀ-ਬਲਾਊਜ਼) ਵਰਗੇ ਕੱਪੜੇ ਪਹਿਨਣਾ ਚਾਹੁੰਦੇ ਹੋ ਤਾਂ ਇਸ ਨੂੰ ਸਹੀ ਢੰਗ ਨਾਲ ਪਹਿਨੋ।

ਕੱਪੜੇ ਮਹਿੰਗੇ ਨਹੀਂ ਹੋਣੇ ਚਾਹੀਦੇ। ਇੱਕ ਸਧਾਰਨ ਪਰ ਸਾਫ਼-ਸੁਥਰੇ ਕੱਪੜੇ ਲਾਜ਼ਮੀ ਹਨ। ਪੇਸ਼ਵਾ ਕਾਲ ਦੌਰਾਨ ਸਾਡੇ ਉੱਤੇ ਕੱਪੜੇ ਅਤੇ ਗਹਿਣੇ ਪਹਿਨਣ ਲਈ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ ਗਈਆਂ ਸਨ। ਅਛੂਤਾਂ ਨੂੰ ਹਮੇਸ਼ਾ ਫਟੇ ਅਤੇ ਗੰਦੇ ਕੱਪੜੇ ਪਹਿਨਣੇ ਚਾਹੀਦੇ ਹਨ ਅਤੇ ਚਾਂਦੀ ਦੇ ਗਹਿਣੇ ਪਹਿਨਣੇ ਚਾਹੀਦੇ ਹਨ, ਨਾ ਕਿ ਸੋਨੇ ਦੇ ਗਹਿਣੇ। ਪਰ ਇਹ ਹੁਣ ਪਾਬੰਦੀਆਂ ਨਹੀਂ ਹਨ। ਇਸ ਦੇ ਬਾਵਜੂਦ ਸਾਡੀਆਂ ਔਰਤਾਂ ਸਿਰਫ਼ ਵੇਲਾ, ਪਾਇਲ, ਫੁਲਿਆ, ਮੱਛਲੀ, ਜੋਦਵੀ ਵਰਗੇ ਪੁਰਾਣੇ ਜ਼ਮਾਨੇ ਦੇ ਭਾਰੀ ਗਹਿਣੇ ਹੀ ਪਹਿਨਦੀਆਂ ਹਨ। ਉਨ੍ਹਾਂ ਨੂੰ ਅਜਿਹੇ ਗਹਿਣੇ ਪਹਿਨਣੇ ਬੰਦ ਕਰ ਦੇਣੇ ਚਾਹੀਦੇ ਹਨ। ਨੱਕ ਵਿੱਚ ਇੱਕ ਛੇਕ ਦੇ ਨਾਲ ਇੱਕ ਭਾਰੀ ਨੱਥ ਪਹਿਨਣ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਇਹ ਪਛਾਣ ਨਹੀਂ ਕੀਤੀ ਜਾਣੀ ਚਾਹੀਦੀ ਕਿ ਅਸੀਂ ਆਪਣੇ ਕੱਪੜਿਆਂ ਕਾਰਨ ਇੱਕ ਵਿਸ਼ੇਸ਼ ਜਾਤੀ ਨਾਲ ਸਬੰਧਤ ਹਾਂ। ਇਹ ਅਕਸਰ ਸਮੱਸਿਆ ਦਾ ਕਾਰਨ ਬਣਦੀ ਹੈ.

ਇੱਕ ਵਾਰ ਕਾਲਜ ਦੇ ਦੌਰਾਨ, ਸਾਨੂੰ ਇੱਕ ਵਿਆਹ ਵਿੱਚ ਸ਼ਾਮਲ ਹੋਣ ਲਈ ਪਿੰਡ ਜਾਣਾ ਪਿਆ। ਸਾਡੇ ਨਾਲ ਰਿਸ਼ਤੇਦਾਰਾਂ ਤੋਂ ਇਲਾਵਾ ਕੁਝ ਪੁਰਾਣੇ ਜ਼ਮਾਨੇ ਦੀਆਂ ਔਰਤਾਂ ਵੀ ਸਨ। ਮੈਂ, ਮੇਰਾ ਭਰਾ ਅਤੇ ਸਾਡਾ ਪਰਿਵਾਰ ਸਾਰੇ ਕੱਪੜੇ ਪਹਿਨੇ ਹੋਏ ਸਨ। ਜਿਵੇਂ ਹੀ ਅਸੀਂ ਬੰਦਰਗਾਹ 'ਤੇ ਉਤਰੇ, ਉੱਥੇ ਦੇ ਕੁਲੀਆਂ ਨੇ ਸਾਡਾ ਸਮਾਨ ਚੁੱਕਿਆ ਅਤੇ ਉਹ ਚਲੇ ਗਏ। ਅੱਧਾ ਰਸਤਾ ਪਾਰ ਕਰਨ ਤੋਂ ਬਾਅਦ ਉਸ ਦੇ ਧਿਆਨ ਵਿੱਚ ਇੱਕ ਗੱਲ ਆਈ ਕਿ ਸਾਡੇ ਅਤੇ ਸਾਡੀ ਜਾਤੀ ਦੇ ਨਾਲ ਜਾਣ ਵਾਲੀਆਂ ਪੁਰਾਣੇ ਜ਼ਮਾਨੇ ਦੀਆਂ ਔਰਤਾਂ ਇੱਕੋ ਜਿਹੀਆਂ ਹਨ। ਜਿਵੇਂ ਹੀ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ, ਉਨ੍ਹਾਂ ਨੇ ਸਾਡਾ ਸਮਾਨ ਹੇਠਾਂ ਰੱਖ ਦਿੱਤਾ ਅਤੇ ਬਿਨਾਂ ਮਿਹਨਤਾਨਾ ਲਏ, ਉਹ ਉੱਥੋਂ ਨੌਂ ਦੋ ਗਿਆਰਾਂ ਹੋ ਗਏ। ਅੰਤ ਵਿੱਚ, ਸਾਨੂੰ ਦੋ ਜਾਂ ਚਾਰ ਚੱਕਰ ਲਗਾਉਣ ਤੋਂ ਬਾਅਦ ਆਪਣਾ ਸਮਾਨ ਲੈਣਾ ਪਿਆ।

ਹਰੇਕ ਵਿਅਕਤੀ ਦੇ ਘਰ ਵਿੱਚ ਦਸ ਅੰਨੇ ਦੀ ਕੀਮਤ ਵਾਲੀ ਬੁੱਧ ਦੀ ਤਸਵੀਰ ਹੋਣੀ ਚਾਹੀਦੀ ਹੈ।

# ਸੀਟੂ ਨੇ ਪੰਜਾਬ ਸਰਕਾਰ ਦੇ ਲੋਕ ਵਿਰੋਧੀ ਬਜਟ ਦੀਆਂ ਕਾਪੀਆਂ ਸਾੜੀਆਂ

## ਸਰਕਾਰ ਨੇ ਬਜਟ ਬਹੁਗਿਣਤੀ ਨਾਲ ਪਾਸ ਕਰਵਾ ਕੇ ਲੋਕਾਂ ਦੀਆਂ ਅੱਖਾਂ ਵਿੱਚ ਪਾਇਆ ਘੱਟਾ - ਕਾਮਰੇਡ ਗੋਰਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਸੰਗਰੂਰ,29 ਮਾਰਚ (ਜਗਸੀਰ ਲੌਂਗੋਵਾਲ ) - ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਨਾਲ ਸਬੰਧਤ ਵੱਖ-ਵੱਖ ਯੂਨੀਅਨਾਂ ਦੇ ਸਰਗਰਮ ਕਾਰਕੁਨਾਂ ਵੱਲੋਂ ਪਿੰਡ ਰਾਜੋਆਣਾ ਕਲਾਂ ਵਿਖੇ ਪੰਜਾਬ ਸਰਕਾਰ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਬਜਟ ਦੀਆਂ ਕਾਪੀਆਂ ਸਾੜੀਆਂ ਗਈਆਂ। ਪ੍ਰਿਤਪਾਲ ਸਿੰਘ ਬਿੱਟਾ ਜੇਰਾ ਸਿੰਘ ਰਾਜੋਆਣਾ ਕਲਾਂ ਕੇਵਲ ਸਿੰਘ ਮੁੱਲਾਂਪੁਰ ਦੀ ਅਗਵਾਈ ਵਿੱਚ ਹੋਏ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਮੀਤ ਪ੍ਰਧਾਨ ਡਾਕਟਰ ਪ੍ਰਕਾਸ਼ ਸਿੰਘ ਬਰਮੀ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਨੂੰ ਲੋਕ ਵਿਰੋਧੀ ਬਜਟ ਦੱਸਦੇ ਆਂ ਕਿਹਾ ਕਿ ਵਾਅਦੇ ਮੁਤਾਬਕ ਪੰਜਾਬ ਸਰਕਾਰ ਨੇ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਖੇਤ ਮਜ਼ਦੂਰਾਂ ਦੇ ਬਰਾਬਰ ਨਹੀਂ ਕੀਤੀ ਅਤੇ ਇਸ ਬਜਟ ਵਿੱਚ ਮਨਰੇਗਾ ਕਾਨੂੰਨ ਸਬੰਧੀ ਕੋਈ ਗੱਲ ਨਹੀਂ ਕੀਤੀ ਗਈ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦੇ ਹੋਏ

ਸੀਟੂ ਦੇ ਸੂਬਾ ਸਕੱਤਰ ਅਤੇ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਦਲਜੀਤ ਕੁਮਾਰ ਗੋਰਾ ਨੇ ਬਜਟ ਨੂੰ ਕਾਰਪੋਰੇਟ ਪੱਖੀ ਅਤੇ ਮਜ਼ਦੂਰ ਵਿਰੋਧੀ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੇ ਪੰਜਾਬ ਦੀ ਅਸੈਂਬਲੀ ਵਿੱਚ 26 ਮਾਰਚ ਨੂੰ ਪੇਸ਼ ਕਰਕੇ ਅਪਣਾ ਚੌਥਾ ਬੱਜਟ ਬਹੁਗਿਣਤੀ ਨਾਲ ਪਾਸ ਕਰਵਾ ਕੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਹੈ। ਸਰਕਾਰ ਵੱਲੋਂ ਲੋਕਾਂ ਦੀ ਸਮਸਿਆਵਾਂ ਨੂੰ ਦਰਕਿਨਾਰ ਕਰਨ ਵਾਲਾ, ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਦਿੱਤੀਆਂ ਗਰੰਟੀਆਂ ਤੋਂ ਭਗੌੜੀ ਹੋਈ ਸਰਕਾਰ ਦਾ ਬੱਜਟ ਪੰਜਾਬ ਸਿਰ ਦਿਨ-ਪਰ-ਦਿਨ ਚੜ੍ਹਾਏ ਜਾਂ ਰਹੇ ਕਰਜਭਾਰ ਵਾਲਾ ਬੱਜਟ ਅਤੇ ਵਿਕਾਸ ਵਿਰੋਧੀ ਅਤੇ ਲੋਕ ਭਲਾਈ ਤੋਂ ਭਗੌੜੀ ਹੋਈ ਸਰਕਾਰ ਦਾ ਲੋਕ ਵਿਰੋਧੀ ਬੱਜਟ ਕਰਾਰ ਦਿੰਦੇ ਹੋਏ ਕਿਹਾ ਬੇਸ਼ੱਕ ਇਹ ਬਜੱਟ ਪਿਛਲੇ ਸਾਲ ਦੇ ਬੱਜਟ ਤੋਂ ਮਾਮੂਲੀ ਵਾਧੇ ਦਾ ਬੱਜਟ ਹੈ। ਪ੍ਰੰਤੂ ਇਹ ਸਾਰੇ ਲੁਟੇਰੇ ਵਰਗ ਭਾਰਤੀ ਤੇ ਸਾਮਰਾਜੀ ਸਰਮਾਏਦਾਰਾਂ ਸਾਮਰਾਜ ਮੁਨਾਫਾਖੋਰ ਕੰਪਨੀਆਂ ਉੱਤੇ ਇੱਕ ਪੈਸੇ ਦੇ ਟੈਕਸ ਦਾ ਵਾਧਾ ਨਹੀਂ ਕਰਦਾ ਅਤੇ ਰਾਜਸੀ-ਮਸੀਨਰੀ-ਸਰਕਾਰ ਉਸਦੇ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੀਆਂ ਐਸ਼ੋ ਇਸ਼ਰਤ ਵਿੱਚ ਕੋਈ ਸੰਜਮ ਦੀ ਵਿਉਂਤਬੰਦੀ ਨਹੀਂ ਪੇਸ਼ ਕਰਦਾ ਅਤੇ ਨਾ ਹੀ ਉਨ੍ਹਾਂ ਦੇ ਰੋਜ਼ਾਨਾ ਕੀਤੇ ਜਾ ਰਹੇ ਕਰੋੜਾਂ ਰੁਪਏ ਦੇ ਕੂੜ ਪ੍ਰਚਾਰ ਨੂੰ ਠੱਲ੍ਹਣ ਦੀ ਕੋਈ ਮਿਸਾਲ ਵੀ ਪੇਸ਼ ਨਹੀਂ ਕਰਦਾ, ਸਾਰੀਆਂ ਬਾਲਗ਼ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਨਕਦ ਮਾਲੀ ਮਦਦ ਦੀ ਗਰੰਟੀ ਤੋਂ ਵੀ ਪਾਸਾ ਵੱਟਣ ਵਾਲਾ ਬੱਜਟ ਹੈ। ਸਰਕਾਰੀ ਵਿਭਾਗਾਂ ਨਿਗਮਾਂ ਅਤੇ ਬੋਰਡਾਂ ਵਿੱਚ ਕੰਮ ਕਰਦੇ ਲੱਖਾਂ ਕੱਚੇ ਮੁਲਾਜ਼ਮਾਂ ਨੂੰ ਸਥਾਈ ਕਰਨ ਦੀ ਅਲਾਟ ਕਰਨ ਵਾਲੀਆਂ ਰਕਮਾਂ ਵਿਚ ਕੋਈ ਵਾਧੂ ਵਿਵਸਥਾ ਨਹੀਂ ਕੀਤੀ ਗਈ ਹੈ। ਆਂਗਨਵਾੜੀ, ਆਸ਼ਾ, ਮਿਡ ਡੇਅ ਮੀਲ ਵਰਕਰਾਂ ਦੀਆਂ ਉਜ਼ਰਤਾਂ ਦੁਗਣੀਆਂ ਕਰਨ ਦੇ ਵਾਅਦੇ ਤੇ ਅਮਲ ਕਰਨ ਲਈ ਕੋਈ ਰਾਸ਼ੀ ਅਲਾਟ ਨਹੀਂ ਕੀਤੀ ਗਈ। ਸਾਢੇ ਛੇ ਲੱਖ ਕੰਮ ਕਰਦੇ ਅਤੇ ਰਿਟਾਇਰ ਮੁਲਾਜ਼ਮਾਂ ਨੂੰ ਰਾਹਤ ਦੇਣ ਲਈ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ,ਸਮੁੱਚਾ ਬਕਾਇਆ, ਮਹਿੰਗਾਈ ਭੱਤਾ, ਦੇਣ ਲਈ ਲੋੜੀਂਦੀ ਰਕਮ ਦੀ ਵਿਵਸਥਾ ਵੀ ਨਹੀਂ ਕੀਤੀ,ਖਾਲੀ ਪਈਆਂ ਅਸਾਮੀਆਂ ਦੀ ਭਰਤੀ ਲਈ ਕੋਈ ਰਾਸ਼ੀ ਦੀ ਵਿਵਸਥਾ ਵੀ ਨਹੀਂ ਕੀਤੀ, ਪੇਂਡੂ ਗਰੀਬਾਂ ਦੇ ਮਕਾਨ ਬਣਾਉਣ ਲਈ, ਉਨ੍ਹਾਂ ਦੇ ਬੱਚਿਆਂ ਲਈ ਲੋੜੀਂਦੇ ਵਜ਼ੀਫਿਆਂ, ਵਰਦੀਆਂ ਦੀਆਂ ਰਕਮਾਂ ਵਿਚ ਕੋਈ ਵਾਧਾ ਨਹੀਂ ਕੀਤਾ, ਪੇਂਡੂ ਵਿਕਾਸ, ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਪ੍ਰਤੀ, 22 ਫਸਲਾਂ ਦੇ ਸਮਰਥਨ ਮੁੱਲ ਦਾ ਕੁਝ ਵੀ ਨਹੀਂ ਹੈ। ਹਾਂ ਕੇਵਲ ਹੰਭੂ ਪੁੰਝਣ ਲਈ 3 ਜ਼ਿਲਿਆਂ ਦੀਆਂ ਕੇਵਲ 35-40 ਕਿਲੋਮੀਟਰ ਸੜਕਾਂ ਦੀ ਮੁਰੰਮਤ ਲਈ 50 ਕਰੋੜ ਰੁਪਏ ਦੀ ਰਾਸ਼ੀ, ਨਸ਼ੇੜੀਆਂ ਦੇ ਮੁੜ ਵਸੇਬੇ ਦੀ ਬਜਾਏ, ਉਨ੍ਹਾਂ ਦੀ ਪਛਾਣ ਕਰਨ ਲਈ 150 ਕਰੋੜ ਰੁਪਏ ਦੇ ਵੱਡੇ-ਵੱਡੇ ਐਲਾਨ ਕੀਤੇ ਗਏ ਹਨ, ਰੰਗਲੇ ਪੰਜਾਬ ਨੂੰ ਬਣਾਉਣ ਲਈ ਹਰ ਅਸੈਂਬਲੀ ਹਲਕੇ ਲਈ 5 ਕਰੋੜ ਰੁਪਏ ਰੱਖੇ ਦੱਸੇ ਗਏ ਹਨ। ਇਸ ਰਕਮ ਨਾਲ ਨਾਂ ਖੇਡ ਮੈਦਾਨ ਬਣਾਏ ਜਾ ਸਕਦੇ ਹਨ, ਨਾਂ ਟ੍ਰੇਨਰ ਰੱਖੇ ਜਾ ਸਕਦੇ ਹਨ, ਨਾਂ ਖੇਡਾਂ ਲਈ ਨੈੱਟ ਜਾਂ ਸਾਂਝੇ ਸਾਮਾਨ ਹੀ ਮੁੱਹਈਆ ਕਰਵਾਇਆ ਜਾ ਸਕਦਾ ਹੈ, ਨਾਂ ਪੇਂਡੂ ਲਾਇਬ੍ਰੇਰੀਆਂ ਬਣਾਈਆਂ



ਜਾ ਸਕਦੀਆਂ ਹਨ। ਨਵੇਂ ਰੁਜਗਾਰ ਸਿਰਜਣ ਦੀ ਕੋਈ ਯੋਜਨਾ ਹੀ ਨਹੀਂ ਨਾਂ ਹੀ ਕੋਈ ਕੋਈ ਬੱਜਟ ਅਲਾਟਮੈਂਟ ਹੈ ਫੇਰ ਰੰਗਲਾ ਪੰਜਾਬ ਕਿਵੇਂ ਬਣ ਸਕਦਾ ਹੈ। ਕੁਲ ਮਿਲਾ ਕੇ ਇਹ ਬੱਜਟ ਨਾਂ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਦਲਿਤਾਂ ਨੂੰ ਕੋਈ ਰਾਹਤ ਦਿੰਦਾ ਹੈ, ਨਾਂ ਪੰਜਾਬ ਦੇ ਵਿਕਾਸ ਜਾਂ ਲੋਕ ਭਲਾਈ ਰਾਜ ਨੂੰ ਮਜ਼ਬੂਤ ਕਰਨ ਦਾ ਕੋਈ ਮਾਮੂਲੀ ਜਿਹਾ ਵੀ ਕੋਈ ਹੀਲਾ ਨਹੀਂ ਕਰਦਾ। ਸੀਟੂ ਨੇ ਬਜਟ ਦੀਆਂ ਕਾਪੀਆਂ ਸਾੜ ਕੇ ਪੂਰਨ ਤੌਰ ਤੇ ਵਿਰੋਧ ਕੀਤਾ। ਇਸ ਮੌਕੇ ਚਮਕੌਰ ਸਿੰਘ ਨੂਰਪੁਰਾ, ਕਿਸਾਨ ਆਗੂ ਸੁਖਚੈਨ ਸਿੰਘ ਰਾਜੋਆਣਾ, ਬਹਾਦਰ ਸਿੰਘ ਨੂਰਪੁਰਾ, ਮਹਿੰਦਰ ਕੌਰ, ਪਰਮਿੰਦਰ ਕੌਰ, ਰਾਜ ਕੌਰ, ਜੇਰਾ ਸਿੰਘ, ਗੁਰਦੀਪ ਸਿੰਘ, ਤਰਲੋਚਨ ਸਿੰਘ, ਸਰਵਜੀਤ ਸਿੰਘ, ਪਰਮਜੀਤ ਸਿੰਘ, ਵਿਸਾਖਾ ਸਿੰਘ, ਸਰਪੰਚ ਜਸਵੰਤ ਸਿੰਘ ਆਦਿ ਸ਼ਾਮਿਲ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

# ਸਿੱਖਿਆ ਤੇ ਸਿੱਖੀ ਦੇ ਪ੍ਰਸਾਰ ਤੇ ਪ੍ਰਚਾਰ ਚ -ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਅਹਿਮ ਯੋਗਦਾਨ



ਲੈਕਚਰਾਰ ਅਜੀਤ ਖੰਨਾ

ਸਿੱਖ ਧਰਮ ਦੇ ਵਿਕਾਸ ਵਿੱਚ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵੱਡਾ ਯੋਗਦਾਨ ਰਿਹਾ ਹੈ।ਉਨਾਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਵਿਸ਼ੇਸ਼ ਉਪਰਾਲੇ ਕੀਤੇ।ਸੇਵਾ,ਸ਼ਰਧਾ,ਸਮਰਪਣ ਤੇ ਭਗਤੀ ਦੇ ਪੁੰਜ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ 31ਮਾਰਚ1504 ਈ:ਨੂੰ ਜ਼ਿਲਾ ਮੁਕਤਸਰ ਦੇ ਪਿੰਡ ਮੱਤੇ ਸਰਾਂ ਵਿਖੇ ਹਿੰਦੂ ਖਾਨਦਾਨ ਚ ਹੋਇਆ।ਉਨਾ ਦਾ ਪਹਿਲਾ ਨਾਮ ਭਾਈ ਲਹਿਣਾ ਸੀ।ਜੋ ਖੱਤਰੀ ਟੱਬਰ ਚ ਪਲੇ।ਉਨਾਂ ਦੇ ਮਾਤਾ ਜੀ ਦਾ ਨਾਂ ਮਾਤਾ ਦਯਾ ਜੀ ਅਤੇ ਪਿਤਾ ਜੀ ਦਾ ਨਾਂ ਭਾਈ ਫੇਰੂ ਮੱਲ ਸੀ।ਭਾਈ ਲਹਿਣਾ ਜੀ ਮਾਤਾ ਪਿਤਾ ਦੇ ਲਾਡਲੇ ਪੁੱਤਰ ਸਨ।ਵੀਹ ਕੁ ਸਾਲ ਦੀ ਉਮਰ ਵਿੱਚ ਭਾਈ ਲਹਿਣਾ ਜੀ ਨੇ ਆਪਣੇ ਪਿਤਾ ਨਾਲ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ।ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵਿਆਹ ਸੰਨ 1520 ਈ: ਚ ਬੀਬੀ ਖੀਵੀ ਜੀ ਨਾਲ ਹੋਇਆ।ਸ੍ਰੀ ਗੁਰੂ ਅੰਗਦ ਦੇਵ ਜੀ ਦੇ ਘਰ 4 ਬੱਚੇ ਹੋਏ।ਜਿਨ੍ਹਾਂ ਵਿੱਚੋਂ ਦੋ ਪੁੱਤਰ ਦਾਸੂ ਜੀ ਤੇ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ ਪੈਦਾ ਹੋਏ।

ਪਿਤਾ ਜੀ ਦੇ ਚਲਾਣੇ ਤੋਂ ਪਿੱਛੋਂ ਭਾਈ ਲਹਿਣਾ ਜੀ ਨੇ ਖਡੂਰ ਸਾਹਿਬ ਹੱਟੀ ਪਾ ਲਈ ਤੇ ਨਾਲ ਸ਼ਾਹੂਕਾਰਾ ਵੀ ਕਰਨ ਲੱਗ ਪਏ।ਇਤਿਹਾਸ ਮੁਤਾਬਕ 1531 ਈਸਵੀ ਤੱਕ ਭਾਈ ਲਹਿਣਾ ਜੀ ਜਵਾਲਾ ਮੁਖੀ ਦੇਵੀ ਦੀ ਪੂਜਾ ਲਈ ਜਥੇ ਬਣਾ ਬਣਾ ਯਾਤਰਾ ਲਈ ਜਾਂਦੇ ਰਹੇ।1532 ਈਸਵੀ ਵਿੱਚ ਅਜੇ ਜੱਥਾ ਲਿਜਾਣ ਦੀ ਤਿਆਰੀ ਵਿੱਚ ਸਨ ਕੇ ਭਾਈ ਲਹਿਣਾ ਜੀ ਦੇ ਕੰਨਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦੀਆਂ ਕੁਝ ਸੁਰਾਂ ਸੁਣਾਈਆਂ ਦਿੱਤੀਆਂ।ਇਹ ਗੁਰੂ ਬਾਣੀ ਦੀਆਂ ਸੁਰਾਂ ਹੀ ਸਨ,ਕੇ ਭਾਈ ਲਹਿਣਾ ਜੀ ਦੀ ਸੁਰਤ ਸਹਿਜੇ ਹੀ ਜਾਗ ਪਈ।ਜਾਗੀ ਹੋਈ ਸੁਰਤ ਵਿੱਚ ਇਕ ਪ੍ਰਸ਼ਨ ਸੀ ਕਿ ਇਹ ਦੇਵ- ਬਾਣੀ ਕਿਸ ਦੀ ਹੈ ?ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਨਾਮ ਤਾਂ ਭਾਈ ਲਹਿਣਾ ਜੀ ਨੇ ਪਹਿਲਾਂ ਹੀ ਸੁਣਿਆ ਹੋਇਆ ਸੀ।ਪਰ 'ਦੇਵੀ-ਪੂਜਾ' ਘਰ-ਪਰਿਵਾਰ ਪ੍ਰੰਪਰਾ ਵਿਚ ਇੰਨੀ ਭਾਰੂ ਸੀ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰੇ ਕੁਝ ਸੁਣਿਆ,ਅਣ-ਸੁਣਿਆ ਦੇ ਬਰਾਬਰ ਸੀ।ਜਦੋਂ ਅਨੁਭਵ ਤੇ ਆਚਾਰ ਨਾਲ ਸ਼ਿੰਗਾਰੀ ਗੁਰੂ-ਬਾਣੀ ਬਾਰੇ ਭਾਈ ਜੋਧ ਨੂੰ ਪੁੱਛਿਆ ਤਾਂ,ਉਨਾਂ ਬੜੀ ਨਿਮਰਤਾ ਤੇ ਮਿੱਠਤ ਨਾਲ ਆਖਿਆ,ਕੇ ਇਹ ਬਾਣੀ ਜਗਤ ਸ੍ਰੀ ਗੁਰੂ ਨਾਨਕ ਸਾਹਿਬ ਦੀ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਇਸ ਵੇਲੇ ਦਰ-ਘਰ ਕਰਤਾਰਪੁਰ ਵਿਖੇ ਹੈ।ਕਰਤਾਰਪੁਰ ਵਿਖੇ ਉਨ੍ਹਾਂ ਨੇ ਇਕ ਧਰਮਸਾਲ ਸਿਰਜੀ ਹੋਈ ਹੈ।ਜਿਥੋਂ 'ਬਾਣੀ' ਦਾ ਪ੍ਰਕਾਸ਼ ਹਰ ਪਾਸੇ ਰੁਸ਼ਨਾ ਰਹੇ ਹਨ।ਭਾਈ ਜੋਧ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਆਤਮਿਕ-ਪ੍ਰਤਿਭਾ ਦੀ ਜਿਵੇਂ ਹੀ ਪਛਾਣ ਕਰਵਾਈ ,ਉਸ ਦਾ ਭਾਈ ਲਹਿਣਾ ਜੀ ਉੱਤੇ ਇਨਾਂ ਅਸਰ ਹੋਇਆ ਕੇ ਉਨਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਮਿਲਣ ਦਾ ਦ੍ਰਿੜ੍ਹ ਨਿਸਚਾ ਕਰ ਲਿਆ।ਅਤੇ ਜਵਾਲਾਮੁਖੀ ਜਾ ਰਹੇ ਜਥੇ ਨੂੰ ਤੋਰ ਕੇ ਆਪ ਰਸਤੇ ਵਿੱਚ ਹੀ ਗੁਰੂ ਦਰਸ਼ਨ ਲਈ ਕਰਤਾਰਪੁਰ ਰੁਕ ਗਏ।ਆਪ ਨੇ ਆਪਣਾ ਘੋੜਾ ਕਰਤਾਰਪੁਰ ਵੱਲ ਮੋੜ ਲਿਆ।ਰਸਤੇ ਵਿੱਚ ਇਕ ਬਜ਼ੁਰਗ ਵਿਅਕਤੀ ਜਾ ਰਿਹਾ ਸੀ।ਉਸ ਪਾਸੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਦਰ-ਘਰ ਪੁੱਛਿਆ ।ਬਜ਼ੁਰਗ ਕਹਿਣ ਲੱਗਾ,'ਮੇਰੇ ਪਿੱਛੇ ਆ ਜਾਉ ਮੈ ਵੀ ਉਧਰ ਹੀ ਜਾਣਾ ਹੈ।'ਟਿਕਾਣੇ 'ਤੇ ਪਹੁੰਚ ਕੇ ਉਸ ਬਜ਼ੁਰਗ ਵਿਅਕਤੀ ਨੇ ਘੋੜੇ ਦੀ ਵਾਂਗ ਫੜ ਲਈ ਅਤੇ ਘੋੜਾ ਇਕ ਕਿੱਲੇ ਨਾਲ ਬੰਨ ਦਿੱਤਾ ।ਬਜ਼ੁਰਗ ਕਹਿਣ ਲੱਗਾ ਤੁਸੀਂ ਇਥੇ ਆਰਾਮ ਕਰੋ ਤੇ ਇੱਥੇ ਹੀ ਗੁਰੂ ਨਾਨਕ ਸਾਹਿਬ ਨੇ ਆ ਜਾਣਾ ਹੈ।" ਸ਼ਾਮ ਨੂੰ ਸੰਗਤ ਜੁੜਨੀ ਸ਼ੁਰੂ ਹੋ ਗਈ ਤੇ ਜਦ ਸਤਿਸੰਗ ਦਾ ਵਕਤ ਹੋਇਆ ਤੇ ਉਹੀ ਬਜ਼ੁਰਗ ਵਿਅਕਤੀ ਆ ਕੇ ਆਸਣ 'ਤੇ ਬਿਰਾਜਮਾਨ ਹੋ ਗਿਆ।ਭਾਈ ਲਹਿਣਾ ਜੀ ਇਹ ਵੇਖ ਕੇ ਹੱਕੇ-ਬੱਕੇ ਰਹਿ ਗਏ ਤੇ ਕਹਿਣ ਲਗੇ ਕੇ ਸ੍ਰੀ ਗੁਰੂ ਨਾਨਕ ਸਾਹਿਬ ਆਪ ਹੀ ਸਨ ਜੋ ਮੈਨੂੰ ਇੱਥੇ ਲੈ ਕੇ ਆਏ ਸਨ।ਆਪ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ ਅਤੇ ਖਿਮਾਂ ਜਾਚਨਾ ਕਰਦੇ ਹੋਏ ਕਹਿਣ ਲੱਗੇ,"ਸੱਚੇ ਪਾਤਸ਼ਾਹ ਜੀਉ! ਮੈਥੋਂ ਅਵੱਗਿਆ ਹੋ ਗਈ ਕੇ ਮੈਂ ਘੋੜੇ 'ਤੇ ਸਵਾਰ ਹੋ ਕੇ ਆਇਆ ਤੇ ਤੁਸੀਂ ਪੈਦਲ ਆਏ।"ਗੁਰੂ ਸਾਹਿਬ ਮੁਸਕਰਾਉਂਦੇ ਹੋਏ ਕਹਿਣ ਲੱਗੇ, "ਇਹ ਕੋਈ ਨਵੀਂ ਗੱਲ ਨਹੀਂ, ਲਹਿਣੇ (ਲਹਿਣੇਦਾਰ)ਵਾਲੇ ਸਦਾ ਘੋੜੀਆਂ ਉੱਤੇ ਚੜ੍ਹ ਕੇ ਹੀ ਆਇਆ ਕਰਦੇ ਹਨ ਅਤੇ ਦੇਣਦਾਰ ਪੈਦਲ ਹੀ ਤੁਰਦੇ ਹਨ।ਤੂੰ ਲਹਿਣਾ ਹੈ ਤੇ ਅਸੀਂ ਦੇਣਾ ਹੈ।'ਇਸ ਪਹਿਲੀ ਮੁਲਾਕਾਤ ਵਿੱਚ ਹੀ ਭਾਈ ਲਹਿਣਾ ਜੀ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਗਏ।ਵੈਸ਼ਣਵ ਧਰਮ ਅਤੇ ਦੇਵੀ ਦੇ ਦਰਸ਼ਨ ਦੀ ਤਾਂਘ ਉੱਥੇ ਹੀ ਛੱਡ ਕੇ ਸਦਾ ਲਈ ਗੁਰੂ ਜੀ ਦੇ ਸੇਵਕ ਬਣ ਗਏ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ ਅਤੇ ਇਸ ਧਰਮ ਨੂੰ ਸਥਿਰਤਾ ਦੇਣ ਤੇ ਸਿੱਖੀ ਮਹਿਲ ਨੂੰ ਅੱਗੇ ਤੋਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਹਿਮ ਭੂਮਿਕਾ ਨਿਭਾਈ। ਸਿੱਖ ਧਰਮ ਦੀ ਸਦੀਵੀ ਹੋਂਦ ਬਰਕਰਾਰ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਰ-ਦ੍ਰਿਸ਼ਟੀ ਤੇ ਦਾਨਸ਼ਮੰਦੀ ਨਾਲ ਗੁਰੂ-ਚੇਲੇ ਦੀ ਰੀਤ ਚਲਾ ਕੇ ਭਾਈ ਲਹਿਣਾ ਜੀ ਨੂੰ ਗੁਰਗਦੀ ਤੇ ਬਿਠਾਇਆ ।

ਪ੍ਰਸਿੱਧ ਇਤਿਹਾਸਕਾਰ ਗੋਕਲ ਚੰਦ ਨਾਰੰਗ ਦਾ ਕਹਿਣਾ ਹੈ ਕਿ "ਜੇਕਰ ਗੁਰੂ ਨਾਨਕ ਦੇਵ ਜੀ,ਗੁਰੂ ਅੰਗਦ ਦੇਵ ਜੀ ਨੂੰ ਗੁਰਤਾ-ਗੱਦੀ ਦੀ ਬਖਸ਼ਿਸ਼ ਨਾ ਕਰਦੇ ਤਾਂ ਅੱਜ ਸਿੱਖ ਧਰਮ ਦਾ ਨਾਮੋ-ਨਿਸ਼ਾਨ ਵੀ ਨਾ ਹੁੰਦਾ।" ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਪੂਰੀ ਤਰ੍ਹਾਂ ਯੋਗ ਜਾਣ ਕੇ ਗੁਰੂ ਅੰਗਦ ਨਾਮ ਦੇ ਕੇ 2 ਸਤੰਬਰ 1539 ਈ: ਵਿਚ ਪ੍ਰਮੁੱਖ ਸਿੱਖਾਂ ਦੀ ਮੌਜੂਦਗੀ ਵਿਚ ਆਪਣੀ ਥਾਂ ਤੇ ਪ੍ਰਚਾਰ ਕਰਨ ਦੇ ਲਈ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਸੌਂਪੀ।ਗੁਰਗੱਦੀ ਦਾ ਸ਼ਾਬਦਿਕ ਅਰਥ ਹੈ ਗੁਰੂ ਦਾ ਤਖ਼ਤ।ਗੁਰੂ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਿਆ ਤੇ ਬਾਕੀ ਸੰਗਤਾਂ ਨੂੰ ਮੱਥਾ ਟੇਕਣ ਲਈ ਕਿਹਾ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਤਖ਼ਤ ਤੇ ਬਿਠਾ ਕੇ ਸਭ ਸੰਗਤਾਂ ਦੇ ਸਾਹਮਣੇ ਬਾਣੀ ਦੀ ਪੋਥੀ ਸੌਂਪ ਕੇ ਐਲਾਨ ਕੀਤਾ ''ਮੇਰੀ ਜਗ੍ਹਾ ਹੁਣ ਗੁਰੂ ਅੰਗਦ ਦੇਵ ਜੀ ਨੂੰ ਸਮਝਣਾ। ਇਹਨਾਂ ਦਾ ਦਰਸ਼ਨ ਮੇਰਾ ਦਰਸ਼ਨ ਤੇ ਇਹਨਾਂ ਦਾ ਬਚਨ ਹੀ ਮੇਰਾ ਬਚਨ ਹੋਵੇਗਾ।"ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਰੂ ਸੋਲਹੇ ਵਿਚ ਕਿਹਾ ਹੈ ਕਿ ਉਸ ਤਖਤ ਤੇ ਉਹੀ ਬੈਠਦਾ ਹੈ ਜੋ ਉਸ ਦੇ ਲਾਇਕ ਹੁੰਦਾ ਹੈ। ਜਿਸ ਨੇ ਕਾਮ,ਕਰੋਧ,ਲੋਭ,ਮੋਹ ਅਤੇ ਹੰਕਾਰ ਆਦਿ ਵਿਕਾਰਾਂ ਨੂੰ ਮੁਕਾ ਲਿਆ ਹੋਵੇ, ਉਸ ਨੂੰ ਹੀ ਤਖ਼ਤ ਦੀ ਪ੍ਰਾਪਤੀ ਹੁੰਦੀ ਹੈ।

ਤਖਤਿ ਬਹੈ ਤਖਤੈ ਕੀ ਲਾਇਕ॥

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਭਾਈ ਲਹਿਣੇ ਨੂੰ ਆਪਣੇ ਹੱਥੀਂ ਗੱਦੀ ਨਸ਼ੀਨ ਕੀਤਾ।ਅਸੀ ਕਹਿ ਸਕਦੇ ਹਾਂ ਕਿ ਗੁਰਿਆਈ ਦੀ ਜ਼ਿੰਮੇਵਾਰੀ ਇਕ ਬਹੁਤ ਵੱਡੀ ਜ਼ਿੰਮੇਵਾਰੀ ਸੀ।ਇਸ ਜ਼ਿੰਮੇਵਾਰੀ ਦਾ ਮੰਤਵ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਨਿਖਾਰਨਾ,ਪ੍ਰਚਾਰਨਾ,ਮਨੁੱਖੀ ਭਾਈਚਾਰੇ ਵਿਚ ਪ੍ਰਭਾਵਸ਼ਾਲੀ ਢੰਗ ਦੇ ਨਾਲ ਜਾਰੀ ਕਰਨਾ,ਇਸੇ ਹੀ ਵਿਚਾਰਧਾਰਾ ਨੂੰ ਮਿਲਗੋਭਾ ਹੋਣ ਤੋਂ ਬਚਾਉਣਾ ਆਦਿ ਸੀ।ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਜੀਵਨ ਦੇ ਲਗਭਗ 13 ਸਾਲ (ਸਤੰਬਰ 1539-1552) ਦੇ ਗੁਰਿਆਈ ਕਾਲ ਸਮੇਂ ਹਰੇਕ ਉਪਦੇਸ਼ ਅਤੇ ਹਰੇਕ ਕਾਰਜ ਵਿਚ ਇਹਨਾਂ ਗੱਲਾਂ ਨੂੰ ਸਾਹਮਣੇ ਰੱਖਿਆ।ਭਾਈ ਲਹਿਣਾ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪੰਥ ਨੂੰ ਅਗਾਂਹ ਚਲਾਉਣ ਲਈ ਪੂਰਨ ਪ੍ਰਤਿਬੱਧਤਾ ਨਾਲ ਸਿੱਖ ਧਰਮ ਦੀ ਸਥਾਪਤੀ ਤੇ ਵਿਕਾਸ ਵਿਚ ਅਹਿਮ ਆਰੰਭਿਕ ਭੂਮਿਕਾ ਨਿਭਾਈ।ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸੰਭਾਲ ਕਰਨ ਦੇ ਨਾਲ ਨਾਲ ਗੁਰਮੁਖੀ ਲਿਪੀ ਦੇ ਵਿਕਾਸ ਤੇ ਸਿਖਲਾਈ ਲਈ ਕਾਰਜ ਕੀਤਾ।

ਸ਼੍ਰੀ ਗੁਰੂ ਅੰਗਦ ਦੇਵ ਜੀ ਨੇ 'ਲੰਗਰ' ਦੀ ਪ੍ਰਥਾ ਨੂੰ ਹੋਰ ਵਧੇਰੇ ਪ੍ਰਚੱਲਿਤ ਕੀਤਾ।ਲੋਕਾਂ ਵਿੱਚ ਸਿੱਖਿਆ ਦੇ ਰੁਝਾਨ ਨੂੰ ਵਿਕਸਤ ਕਰਨ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਈ ਸਕੂਲ ਖੁਲ੍ਹਵਾਏ ਅਤੇ ਸਿੱਖਿਆ ਦਾ ਪ੍ਰਸਾਰ ਕੀਤਾ।ਜਿੱਥੇ ਗੁਰੂ ਜੀ ਨੇ ਮਾਨਸਿਕ ਕਮਜ਼ੋਰੀ ਨੂੰ ਬਾਣੀ ਨਾਲ ਦੂਰ ਕਰਨ ਦਾ ਯਤਨ ਕੀਤਾ ਉੱਥੇ ਹੀ ਨੌਜਵਾਨ ਪੀੜ੍ਹੀ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਲਈ ਘੋਲਾਂ ਦੀ ਖੇਡ ਨੂੰ ਉਤਸਾਹਿਤ ਕਰਨ ਲਈ 'ਮੱਲ ਅਖਾੜੇ' ਵੀ ਸਥਾਪਨਾ ਕੀਤੇ।

ਗੁਰੂ ਘਰ ਦੀ ਸਬਦ ਕੀਰਤਨ ਪਰੰਪਰਾ ਦੇ ਵਿਕਾਸ ਵਿਚ ਵੀ ਆਪ ਜੀ ਦਾ ਮਹੱਤਵਪੂਰਨ ਯੋਗਦਾਨ ਰਿਹਾ।ਸ਼੍ਰੀ ਗੁਰੂ ਅੰਗਦ ਸਾਹਿਬ ਜੀ ਨੇ 63 ਸਲੋਕਾਂ ਦੀ ਰਚਨਾ ਕੀਤੀ ਜੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਹਲਾ 2 ਸਿਰਲੇਖ ਹੇਠ 9 ਰਾਗਾਂ ਅਧੀਨ ਬਾਣੀ ਉਚਾਰੀ।ਆਪ ਜੀ ਨੇ ਰਾਗ ਸਿਰੀ ਅਧੀਨ 2 ਸਲੋਕ,ਰਾਗ ਮਾਝ ਅਧੀਨ 12 ਸਲੋਕ,ਰਾਗ ਆਸਾ ਅਧੀਨ 15 ਸਲੋਕ,ਰਾਗ ਸੋਰਠ ਅਧੀਨ ਇਕ ਸਲੋਕ,ਰਾਗ ਸੂਹੀ ਅਧੀਨ 11 ਸਲੋਕ,ਰਾਗ ਰਾਮਕਲੀ ਅਧੀਨ 7 ਸਲੋਕ,ਰਾਗ ਮਾਰੂ ਅਧੀਨ 1 ਸਲੋਕ,ਰਾਗ ਸਾਰੰਗ ਅਧੀਨ 9 ਸਲੋਕ,ਰਾਗ ਮਲਾਰ ਅਧੀਨ 5 ਸਲੋਕਾਂ ਦੀ ਰਚਨਾ ਕੀਤੀ।ਆਪ ਜੀ ਦੁਆਰਾ ਰਚੀ ਇਹ ਸਾਰੀ ਬਾਣੀ ਆਦਿ ਗ੍ਰੰਥ ਵਿੱਚ ਦਰਜ ਹੈ।ਸਾਹਿਬ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸ਼੍ਰੀ ਗੁਰੂ ਨਾਨਕ ਸਾਹਿਬ ਦੁਆਰਾ ਆਰੰਭ ਕੀਤੀ ਗੁਰੂ ਘਰ ਦੀ ਕੀਰਤਨ ਪਰੰਪਰਾ ਦੇ ਨਿਰੰਤਰ ਵਿਹਾਰਕ ਪ੍ਰਚਲਨ ਦੁਆਰਾ,ਬਾਣੀ ਦਾ ਪ੍ਰਵਾਹ ਚਲਾਇਆ।ਇਸ ਦੁਆਰਾ ਸਬਦ ਕੀਰਤਨ ਪਰੰਪਰਾ ਦੇ 'ਸੈਲੀਗਤ-ਰੂਪ' ਦਾ ਨਿਰੰਤਰ ਵਿਕਾਸ ਹੋਇਆ।ਗੁਰਮਤਿ ਸੰਗੀਤ ਵਿਚ ਰਾਗਾਂ ਦੇ ਸਮੇਂ ਅਨੁਸਾਰ ਨਾਮਾਂਕਣ ਕੀਤੀਆਂ ਕੀਰਤਨ ਚੌਂਕੀਆਂ ਦੀ ਵਿਸੇਸ ਪਰੰਪਰਾ ਹੈ ਜਿਵੇਂ ਕਿ ਆਸਾ ਦੀ ਵਾਰ ਦੀ ਚੌਂਕੀ, ਬਿਲਾਵਲ ਦੀ ਚੌਂਕੀ,ਸਾਰੰਗ ਦੀ ਚੌਂਕੀ, ਕਲਿਆਣ ਦੀ ਚੌਂਕੀ,ਕਾਨੜੇ ਦੀ ਚੌਂਕੀ ਆਦਿ।ਕੀਰਤਨ ਚੌਂਕੀਆਂ ਦੀ ਇਹ ਪਰੰਪਰਾ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਨਿਰੰਤਰ ਰੂਪ ਵਿਚ ਪ੍ਰਚਲਿਤ ਹੈ।

ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦਾ ਵੱਖ ਵੱਖ ਗੁਰੂ ਸਾਹਿਬਾਨ ਦੁਆਰਾ ਨਿਰੰਤਰ ਵਿਕਾਸ ਹੋਇਆ।ਇਨ੍ਹਾਂ ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦਾ ਵਿਸ਼ਿਸ਼ਟ ਸੰਗੀਤ ਵਿਧਾਨ ਤੇ ਮੌਲਿਕ ਸੰਗੀਤਕ ਸਰੂਪ ਹੈ।ਇਨ੍ਹਾਂ ਕੀਰਤਨ ਚੌਂਕੀਆਂ ਦੀ ਪੇਸਕਾਰੀ, ਇਤਿਹਾਸਕ ਵਿਕਾਸ ਅਤੇ ਕੀਰਤਨ-ਸਮੱਗਰੀ ਦਾ ਇਕ ਵਿਸਾਲ ਖਜਾਨਾ 'ਗੁਰਮਤਿ ਸੰਗੀਤ' ਦੀ ਕੀਰਤਨ-ਵਿਰਾਸਤ ਦਾ ਅਹਿਮ ਹਿੱਸਾ ਹੈ।ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦੇ ਪ੍ਰਚਲਨ ਤੇ ਸੰਸਥਾਗਤ ਰੂਪ ਵਿਚ ਸਥਾਪਤੀ ਹਿੱਤ ਗੁਰੂ ਅੰਗਦ ਦੇਵ ਜੀ ਦਾ ਵਿਸ਼ੇਸ਼ ਆਰੰਭਕ ਯੋਗਦਾਨ ਰਿਹਾ ਹੈ।

ਸ਼੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਤੋਂ ਮਗਰੋਂ ਸ਼੍ਰੀ ਖਡੂਰ ਸਾਹਿਬ ਨੂੰ ਸਿੱਖੀ ਦਾ ਕੇਂਦਰ ਬਣਾ ਕਿ ਕੀਰਤਨ ਦੀ ਵਿਸ਼ੇਸ਼ ਪ੍ਰਥਾ ਚਲਾਈ ਗਈ।ਜਿਸ ਤਹਿਤ ਤਜਰਬੇਕਾਰ ਸੰਗੀਤਕਾਰਾਂ ਦੀ ਰਬਾਬੀ ਸ਼੍ਰੇਣੀ ਨੂੰ ਗੁਰੂ ਘਰ ਨਾਲ ਜੋੜਨ ਦੀ ਸ਼ੁਰੂਆਤ ਕੀਤਾ ਗਈ।ਭਾਈ ਮਰਦਾਨਾ ਜੀ ਤੋਂ ਬਾਅਦ ਭਾਈ ਸਜਾਦਾ ਅਤੇ ਵਿਸ਼ੇਸ਼ ਰੂਪ ਵਿਚ ਭਾਈ ਬਲਵੰਤ ਦਾ ਨਾਂ ਵਰਣਨਯੋਗ ਹੈ।ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਬਖ਼ਸ਼ੀ ਤਾਂ ਰਾਇ ਬਲਵੰਤ,ਗੁਰੂ ਅੰਗਦ ਦੇਵ ਜੀ ਨਾਲ ਹੀ ਖਡੂਰ ਸਾਹਿਬ ਆ ਗਏ ਸਨ।ਬਾਅਦ ਵਿਚ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਰਾਏ ਬਲਵੰਤ ਨੇ ਰਬਾਬੀ ਭਾਈ ਸੱਤਾ ਜੀ ਨਾਲ ਮਿਲ ਕੇ ਕੀਰਤਨ ਦੀ ਸੇਵਾ ਨਿਭਾਈ।ਆਪ ਦੁਆਰਾ ਰਚੀ ਬਾਣੀ ਨੂੰ ਗੁਰੂ ਸਾਹਿਬ ਨੇ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਸਥਾਨ ਦਿੱਤਾ,ਜੋ 'ਰਾਮਕਲੀ ਕੀ ਵਾਰ ਰਾਇ ਬਲਵੰਡ ਅਤੇ ਸਤੈ ਡੂਮਿ ਆਖੀ'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 966 ਦੇ ਸਿਰਲੇਖ ਹੇਠ ਦਰਜ ਹੈ।

ਇਤਿਹਾਸਕ ਹਵਾਲਿਆਂ ਤੋਂ ਸ਼ਪੱਸ਼ਟ ਹੈ ਕੇ ਗੁਰੂ ਘਰ ਨੇ ਕੀਰਤਨੀਆਂ ਨੂੰ ਭਰਪੂਰ ਸਰਪ੍ਰਸਤੀ ਦੁਆਰਾ ਨਿਵਾਜਿਆ।ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਕੀਰਤੀਏ ਦੇ ਰੂਪ ਵਿਚ ਰਬਾਬੀ ਭਾਈ ਬਲਵੰਤ ਦਾ ਖਡੂਰ ਸਾਹਿਬ ਵਿਖੇ ਆਉਣ ਨਾਲ ਗੁਰੂ ਘਰ ਵਿਖੇ ਕੀਰਤਨੀਆਂ ਦੀ ਇਕ ਵਿਸਾਲ ਪਰੰਪਰਾ ਪ੍ਰਫੁੱਲਤ ਹੋਈ।ਇਸ ਤਰਾਂ ਸਿੱਖੀ ਦਾ ਪ੍ਰਸਾਰ ਤੇ ਪ੍ਰਚਾਰ ਕਰਦੇ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ 25 ਮਾਰਚ1552 ਨੂੰ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਗੁਰਗੱਦੀ ਬਖ਼ਸ਼ ਕੇ 48 ਵਰ੍ਹੇ ਦੀ ਉਮਰ ਚ 29 ਮਾਰਚ1552 ਨੂੰ ਖਡੂਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

ਲੈਕਚਰਾਰ ਅਜੀਤ ਖੰਨਾ
ਐਮਏ.(ਇਤਿਹਾਸ)ਐਮ.ਫਿਲ,ਮਾਸਟਰ ਆਫ ਜਰਨਲਿਜਮ
ਐਂਡ ਮਾਸ ਕਮਿਊਨੀਕੇਸ਼ਨ.,ਬੀਐਡ
ਮੋਬਾਇਲ:76967-54669

# ਨੌਜਵਾਨ ਸਭਾ ਨੇ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਦਿੱਤਾ ਮੰਗ ਪੱਤਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਫਗਵਾੜਾ 30 ਮਾਰਚ (ਸ਼ਿਵ ਕੌੜਾ) ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਦਾ ਇਕ ਵਫਦ ਅੱਜ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਮਿਲਿਆ। ਇਸ ਦੌਰਾਨ ਉਹਨਾਂ ਨੇ ਫਗਵਾੜਾ-ਹੁਸ਼ਿਆਰਪੁਰ ਸੜਕ ਨੂੰ ਫੋਰ ਲੇਨ ਕਰਨ ਦੇ ਪ੍ਰੋਜੈਕਟ ਨੂੰ ਪਾਸ ਕਰਵਾਉਣ ਲਈ ਸਾਬਕਾ ਮੰਤਰੀ ਸੋਮ ਪ੍ਰਕਾਸ਼ ਵਲੋਂ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਨਾਲ ਹੀ ਇਕ ਮੰਗ ਪੱਤਰ ਵੀ ਦਿੱਤਾ ਗਿਆ। ਜਿਸ ਵਿਚ ਮੰਗ ਕੀਤੀ ਗਈ ਕਿ ਫਗਵਾੜਾ-ਹੁਸ਼ਿਆਰਪੁਰ ਰੋਡ ਨੂੰ ਚੋੜਾ ਕਰਨ ਸਮੇਂ ਸੜਕ ਦੇ ਆਲੇ ਦੁਆਲੇ ਲੱਗੇ ਦਰਖ਼ਤਾਂ ਦੀ ਸੰਭਾਵਿਤ ਕਟਾਈ ਨੂੰ ਦੇਖਦੇ ਹੋਏ ਪਹਿਲਾਂ ਨਵੇਂ ਦਰਖਤ ਲਗਾਏ ਜਾਣ ਤਾਂ ਜੋ ਵਾਤਾਵਰਣ ਤੇ ਮਾੜਾ ਪ੍ਰਭਾਵਨ ਨਾ ਪਵੇ ਅਤੇ ਕੱਟੇ ਜਾਣ ਵਾਲੇ ਦਰਖ਼ਤਾਂ ਦੀ ਭਰਪਾਈ ਹੋ ਸਕੇ। ਪ੍ਰਧਾਨ ਸੁਖਵਿੰਦਰ ਸਿੰਘ ਨੇ ਸਾਬਕਾ ਮੰਤਰੀ ਸੋਮ ਪ੍ਰਕਾਸ਼ ਨੂੰ ਦੱਸਿਆ ਕਿ ਇਸ ਤੋਂ ਪਹਿਲਾਂ ਫਗਵਾੜਾ-ਚੰਡੀਗੜ੍ਹ ਰੋਡ ਅਤੇ ਦਿੱਲੀ-ਅੰਮ੍ਰਿਤਸਰ ਨੈਸ਼ਨਲ ਹਾਈ-ਵੇ ਨੂੰ ਚੋੜਾ ਕਰਨ ਸਮੇਂ ਲੱਖਾਂ ਦਰਖ਼ਤ ਵੱਡੇ ਗਏ ਪਰ ਉਸ ਦੇ ਮੁਕਾਬਲੇ ਬਹੁਤ ਘੱਟ ਨਵੇਂ ਦਰਖਤ ਲਗਾਏ ਗਏ ਹਨ। ਜੋ ਕਿ ਵਾਤਾਵਰਣ ਸੁਰੱਖਿਆ ਦੇ ਲਿਹਾਜ ਨਾਲ ਵੱਡਾ ਨੁਕਸਾਨ ਹੈ। ਉਹਨਾਂ ਕਿਹਾ ਕਿ ਬਰਸਾਤ ਦੇ ਮੌਸਮ ਤੋਂ ਪਹਿਲਾਂ ਸੜਕ ਦੇ ਦੋਵੇਂ ਕਿਨਾਰਿਆਂ ਤੇ ਨਵੇਂ ਦਰੱਖਤਾਂ ਦੇ ਬੂਟੇ ਲਗਾਉਣ ਦਾ ਉਪਰਾਲਾ ਕੀਤਾ ਜਾਵੇ ਤਾਂ ਜੋ ਇਹ ਬੂਟੇ ਜਲਦੀ ਜੜ ਫੜ ਕੇ ਦਰਖ਼ਤਾਂ ਦਾ ਰੂਪ ਧਾਰਨ ਕਰਨ ਦੇ ਯੋਗ ਬਣ ਸਕਣ। ਉਹਨਾਂ ਸਰਬ ਨੌਜਵਾਨ ਸਭਾ ਅਤੇ ਸਰਬ ਨੌਜਵਾਨ ਸੁਸਾਇਟੀ ਵਲੋਂ ਇਸ ਉਪਰਾਲੇ ਵਿਚ ਸੰਭਵ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਸਾਬਕਾ ਮੰਤਰੀ ਸੋਮ ਪ੍ਰਕਾਸ਼ ਨੇ ਸਭਾ ਦੀ ਚਿੰਤਾ ਨੂੰ ਜਾਇਜ ਠਹਿਰਾਇਆ ਅਤੇ ਕਿਹਾ ਕਿ ਇਸ ਬਾਰੇ ਕੇਂਦਰ ਸਰਕਾਰ ਦੇ ਸਬੰਧਤ ਮਹਿਕਮੇ ਨਾਲ ਗੱਲਬਾਤ ਕਰਨਗੇ। ਇਸ ਮੌਕੇ ਸਭਾ ਦੇ ਸਲਾਹਕਾਰ ਕਮੇਟੀ ਮੈਂਬਰ ਅਵਤਾਰ ਸਿੰਘ ਮੰਡ, ਜਤਿੰਦਰ ਸਿੰਘ ਕੁੰਦੀ, ਜਨਰਲ ਸਕੱਤਰ ਡਾ. ਵਿਜੇ ਕੁਮਾਰ, ਵਾਈਸ ਪ੍ਰਧਾਨ ਰਾਜ ਕੁਮਾਰ ਕਨੌਜੀਆ, ਵਾਈਸ ਪ੍ਰਧਾਨ ਰਵਿੰਦਰ ਸਿੰਘ ਰਾਏ, ਮਨਦੀਪ ਬਾਸੀ ਤੋਂ ਇਲਾਵਾ ਸੰਜੂ ਚਹਿਲ, ਹਰਜਿੰਦਰ ਗੋਗਨਾ, ਗੁਰਸ਼ਰਨ ਬਾਸੀ, ਸ਼ੁਭਮ ਸ਼ਰਮਾ, ਮਹਿੰਦਰਪਾਲ ਕੈਂਥ ਆਦਿ ਹਾਜਰ ਸਨ।



# ਮਹਾਨ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੇ ਵਿਛੜੇ ਤੇ ਕੀਤਾ ਗਹਿਰੇ ਦੁੱਖ ਦਾ ਇਜ਼ਹਾਰ!

## ਉਹਨਾਂ ਦੀਆਂ ਲਿਖਤਾਂ ਦਾ ਪ੍ਰਵਾਹ ਸਮਾਜ ਵਿੱਚ ਤੇ ਪਾਠਕਾਂ ਵਿਚ ਚੱਲਦਾ ਹੀ ਰਹੇਗਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 30 ਮਾਰਚ ( ਤਰਸੇਮ ਦੀਵਾਨਾ ) ਪ੍ਰਸਿੱਧ ਲੇਖਕ ਤੇ ਜ਼ਿਲ੍ਹਾ ਲੇਖਕ ਮੰਚ ਦੇ ਕਨਵੀਨਰ ਰਘਵੀਰ ਸਿੰਘ ਟੇਰਕਿਆਨਾ ਵੱਲੋਂ ਮਹਾਨ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੇ ਵਿਛੜ ਜਾਣ ਉੱਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਪ੍ਰੇਮ ਪ੍ਰਕਾਸ਼ ਕਹਾਣੀ ਦੀ ਕਲਮ ਕਈ ਦਹਾਕੇ ਨਿਰੰਤਰ ਚੱਲਦੀ ਰਹੀ ਤੇ ਅਸੀਂ ਉਨ੍ਹਾਂ ਨੂੰ ਪੜ੍ਹਦੇ ਵੀ ਰਹੇ ਤੇ ਉਹਨਾਂ ਦੀਆਂ ਤਜਰਬੇ ਭਰਪੂਰ ਗੱਲਾਂ ਵੀ ਸੁਣਦੇ ਰਹੇ । ਪਰ ਹੁਣ ਉਮਰ ਦਰਾਜ਼ ਹੋਣ ਕਰਕੇ ਵਿਛੜਣ ਦਾ ਵੇਲਾ ਆ ਗਿਆ ਸੀ ਤੇ ਅੱਜ ਪ੍ਰੇਮ ਪ੍ਰਕਾਸ਼ ਸੱਚਮੁੱਚ ਹੀ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ ਜਿਸ ਦਾ ਸਾਨੂੰ ਲੇਖਕਾਂ ਤੇ ਪਾਠਕਾਂ ਨੂੰ ਬਹੁਤ ਘਾਟਾ ਪਿਆ ਹੈ । ਟੇਰਕਿਆਨਾ ਨੇ ਕਿਹਾ ਕਿ ਭਾਵੇਂ ਪ੍ਰੇਮ ਪ੍ਰਕਾਸ਼ ਦਰਿਆ ਵਾਂਗ ਵੱਗਦੀ ਕਲਮ ਅਚਾਨਕ ਰੁੱਕ ਗਈ ਹੈ ਪਰ ਉਹਨਾਂ ਦੀਆਂ ਲਿਖਤਾਂ ਦਾ ਪ੍ਰਵਾਹ ਸਮਾਜ ਵਿੱਚ ਤੇ ਪਾਠਕਾਂ ਵਿਚ ਚੱਲਦਾ ਹੀ ਰਹੇਗਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

# ਗਰੇ-ਵੂਲਫ਼ ਅਪਟੀਮਾਈਜ਼ੇਸ਼ਨ: ਪ੍ਰਕਿਰਤੀ ਤੋਂ ਪ੍ਰੇਰਿਤ ਇੱਕ ਬੇਹਤਰੀਨ ਐਲਗੋਰਿਦਮ



ਡਾ. ਅਮਰ ਪ੍ਰਤਾਪ ਸਿੰਘ ਫਰਵਾਹਾ, ਪ੍ਰੋਫੈਸਰ, ਈਸੀਈ ਵਿਭਾਗ, ਸੰਤ ਲੌਂਗੋਵਾਲ ਇੰਜੀਨੀਅਰਿੰਗ ਅਤੇ ਤਕਨੀਕੀ ਸੰਸਥਾਨ, ਲੌਂਗੋਵਾਲ-148106, ਜਿਲਾ ਸੰਗਰੂਰ, ਪੰਜਾਬ।

ਵਿਗਿਆਨਕ ਅਤੇ ਇੰਜੀਨੀਅਰਿੰਗ ਖੇਤਰ ਵਿੱਚ, ਪ੍ਰਕਿਰਤੀ ਤੋਂ ਪ੍ਰੇਰਿਤ ਐਲਗੋਰਿਦਮਾਂ ਦੀ ਮਹੱਤਤਾ, ਦਿਨੋਂ-ਦਿਨ ਵਧ ਰਹੀ ਹੈ। ਇਹ ਐਲਗੋਰਿਦਮ, ਕੁਦਰਤੀ ਪ੍ਰਣਾਲੀਆਂ ਅਤੇ ਜੀਵ-ਵਿਗਿਆਨਕ ਪ੍ਰਕਿਰਿਆਵਾਂ ਤੋਂ ਸਿੱਖ ਲੈ ਕੇ, ਅਣਸੁਲਝੀਆਂ ਸਮੱਸਿਆਵਾਂ ਦਾ ਸਮਾਧਾਨ ਲੱਭਣ ਵਿੱਚ ਮਦਦ ਕਰਦੇ ਹਨ। ਇਨ੍ਹਾਂ ਵਿੱਚੋਂ ਇੱਕ ਪ੍ਰਮੁੱਖ ਐਲਗੋਰਿਦਮ ਹੈ, ਗਰੇ-ਵੂਲਫ਼ ਅਪਟੀਮਾਈਜ਼ੇਸ਼ਨ ਐਲਗੋਰਿਦਮ, ਜੋ ਕਿ ਭੂਰੇ ਭੇੜੀਏ ਦੇ ਸਮਾਜਿਕ ਵਿਵਹਾਰ, ਸਮੂਹਿਕ ਕੰਮ, ਅਤੇ ਸ਼ਿਕਾਰ ਕਰਨ ਦੀ ਯੋਜਨਾ ਤੇ ਆਧਾਰਿਤ ਹੈ। ਇਹ ਐਲਗੋਰਿਦਮ, ਇੰਜੀਨੀਅਰਿੰਗ ਡਿਜ਼ਾਈਨ, ਮੈਡੀਕਲ ਡਾਈਗਨੋਸਿਸ, ਅਤੇ ਐਰੋਸਪੇਸ ਇੰਜੀਨੀਅਰਿੰਗ ਦੇ ਨਾਲ ਨਾਲ ਬਹੁਤ ਸਾਰੇ ਸਾਇੰਸ ਅਤੇ ਟੈਕਨੋਲੋਜੀ ਦੇ ਖੇਤਰਾਂ ਵਿੱਚ ਵਰਤਿਆ ਜਾਂਦਾ ਹੈ।

## ਗਰੇ-ਵੂਲਫ਼ ਸਮਾਜਿਕ ਵਿਆਕਰਣ:

ਭੂਰੇ-ਭੇੜੀਏ (ਗਰੇ-ਵੂਲਫ਼) ਆਪਣੇ ਸਮੂਹ ਵਿੱਚ ਰਹਿੰਦੇ ਹਨ, ਉਹ ਆਪਸੀ ਸਹਿਯੋਗ, ਯੋਜਨਾ ਅਤੇ ਸਮਝਦਾਰੀ ਨਾਲ, ਆਪਣੇ ਸ਼ਿਕਾਰ ਨੂੰ ਫੜਦੇ ਹਨ। ਉਹ ਸਮੂਹਿਕ ਤਾਕਤ ਨੂੰ ਵਧਾਉਂਦੇ ਹਨ ਅਤੇ ਇੱਕ-ਦੂਜੇ ਦੀ ਮਦਦ ਕਰਦੇ ਹਨ। ਇਸ ਤਰੀਕੇ ਨਾਲ, ਉਹ ਨਾਜ਼ੁਕ ਹਾਲਾਤਾਂ ਵਿੱਚ ਵੀ ਬਚ ਸਕਦੇ ਹਨ। ਭੂਰੇ-ਭੇੜੀਏ, ਇੱਕ ਬਹੁਤ ਹੀ ਵਿਕਸਤ ਸਮਾਜਿਕ ਢਾਂਚੇ ਵਿੱਚ ਰਹਿੰਦੇ ਹਨ, ਜਿਸ ਦੀਆਂ ਚਾਰ ਮੁੱਖ ਸ਼੍ਰੇਣੀਆਂ ਹੁੰਦੀਆਂ ਹਨ:

(1) ਅਲਫ਼ਾ ਭੇੜੀਏ: ਇਹ ਸਮੂਹ ਦੇ ਆਗੂ ਹੁੰਦੇ ਹਨ, ਜੋ ਦਿਸ਼ਾ ਅਤੇ ਸ਼ਿਕਾਰ ਦੀ ਯੋਜਨਾ ਤਿਆਰ ਕਰਦੇ ਹਨ।

(2) ਬੀਟਾ ਭੇੜੀਏ: ਇਹ ਅਲਫ਼ਾ ਦੇ ਸਹਾਇਕ ਹੁੰਦੇ ਹਨ ਅਤੇ ਸਮੂਹ ਦੇ ਅਨੁਸ਼ਾਸ਼ਨ ਨੂੰ ਯਕੀਨੀ ਬਣਾਉਂਦੇ ਹਨ।

(3) ਡੈਲਟਾ ਭੇੜੀਏ: ਇਹ ਤੀਸਰੇ ਸਥਾਨ ਦੇ ਭੇੜੀਏ ਹਨ, ਜੋ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਂਦੇ ਹਨ, ਜਿਵੇਂ ਕਿ ਸ਼ਿਕਾਰ ਅਤੇ ਸਮੂਹ ਦੀ ਰੱਖਿਆ।

(4) ਓਮੇਗਾ ਭੇੜੀਏ: ਇਹ ਸਭ ਤੋਂ ਹੇਠਲੀ ਪਦਵੀ ਤੇ ਹੁੰਦੇ ਹਨ, ਜੋ ਜ਼ਿ ਆ ਦਾ ਤ ਰ ਹੁਕਮ ਦੀ ਪਾਲਣਾ ਕਰਦੇ ਹਨ ਅਤੇ ਆਖ਼ਰੀ ਬਚੀ-ਖੁਚੀ ਖੁਰਾਕ ਖਾਂਦੇ ਹਨ।




## ਗ ਰੇ - ਵੂ ਲ ਫ਼ ਅਪਟੀਮਾਈਜ਼ੇਸ਼ਨ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ:

ਗਰੇ-ਵੂਲਫ਼ ਅਪਟੀਮਾਈਜ਼ੇਸ਼ਨ ਐਲਗੋਰਿਦਮ ਦੀ ਵਿਲੱਖਣਤਾ, ਇਸ ਦੀ ਕੁਦਰਤੀ ਰਚਨਾ ਅਤੇ ਚੋਟੀ ਦੀ ਸਮੱਸਿਆ ਹੱਲ ਕਰਨ ਦੀ ਸਮਰੱਥਾ ਵਿੱਚ ਹੈ। ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠਾਂ ਦਿੱਤੀਆਂ ਹਨ:

(1) ਲੀਡਰਸ਼ਿਪ-ਅਧਾਰਤ ਅਪਟੀਮਾਈਜ਼ੇਸ਼ਨ: ਭੇੜੀਏ, ਟੀਮਵਰਕ ਅਤੇ ਸਮੂਹਿਕ ਯੋਜਨਾ ਤੇ ਵਿਸ਼ਵਾਸ ਕਰਦੇ ਹਨ। ਗਰੇ-ਵੂਲਫ਼ ਅਪਟੀਮਾਈਜ਼ੇਸ਼ਨ ਵਿੱਚ, ਅਲਫ਼ਾ, ਬੀਟਾ, ਡੈਲਟਾ ਅਤੇ ਓਮੇਗਾ ਭੇੜੀਏ ਹੱਲ ਖੋਜਣ ਲਈ ਗਾਈਡ ਵਜੋਂ ਕੰਮ ਕਰਦੇ ਹਨ।

(2) ਸ਼ਿਕਾਰ ਦੀ ਸਟੀਕ ਯੋਜਨਾ: ਭੇੜੀਏ ਬੁੱਧੀਮਾਨ ਘੇਰਾਬੰਦੀ, ਉਤਸ਼ਾਹ ਅਤੇ ਹਮਲਾ-ਅਧਾਰਿਤ ਤਕਨੀਕਾਂ ਵਰਤਦੇ ਹਨ। ਜਿਵੇਂ ਕਿ ਭੇੜੀਏ ਸ਼ਿਕਾਰ ਨੂੰ ਘੇਰਦੇ ਹਨ, ਉਸੇ ਤਰੀਕੇ ਨਾਲ, ਗਰੇ-ਵੂਲਫ਼ ਅਪਟੀਮਾਈਜ਼ੇਸ਼ਨ ਵੀ ਸਰਵੋਤਮ ਹੱਲ ਦੀ ਖੋਜ ਕਰਦਾ ਹੈ।

(3) ਸਮੂਹਿਕ ਵਿਅਹੁਾਰ: ਭੇੜੀਏ ਦੇ ਸਮੂਹ ਵੱਲੋਂ ਸ਼ਿਕਾਰ ਕਰਨ ਦੀ ਯੋਜਨਾ, ਕੰਪਿਊਟਰ ਵਿੱਚ ਵਰਤਿਆ ਜਾਣ ਵਾਲਾ ਗਣਿਤਕ ਮਾਡਲ ਬਣਾਉਣ ਲਈ ਇੱਕ ਉਦਾਹਰਣ ਹੈ। ਗਰੇ-ਵੂਲਫ਼ ਅਪਟੀਮਾਈਜ਼ੇਸ਼ਨ ਕਈ ਤਰੀਕਿਆਂ ਵਿੱਚ ਸਮੱਸਿਆਵਾਂ ਹੱਲ ਕਰਣ ਲਈ ਬਹੁਤ ਕੁਸ਼ਲ ਹੈ। ਇਹ ਟੀਮਵਰਕ, ਸਮੂਹਿਕ ਸੋਚ ਅਤੇ ਪ੍ਰਭਾਵਸ਼ਾਲੀ ਯੋਜਨਾ ਰਾਹੀਂ ਅਨੁਕੂਲ ਹੱਲ ਲੱਭਣ ਵਿੱਚ ਸਫ਼ਲ ਹੈ।

(4) ਗਤੀਸ਼ੀਲ ਖੋਜ ਅਤੇ ਸ਼ੋਧ: ਜਿਵੇਂ ਪੂਰੇ ਭੇੜੀਏ, ਸਰਵੋਤਮ ਭੋਜਨ ਦੀ ਤਲਾਸ਼ ਵਿੱਚ ਲਗਾਤਾਰ ਗਤੀਸ਼ੀਲ ਖੋਜ ਅਤੇ ਸ਼ੋਧ ਤਕਨੀਕਾਂ ਵਰਤਦੇ ਹਨ, ਉਸੇ ਤਰੀਕੇ ਨਾਲ, ਗਰੇ-ਵੂਲਫ਼ ਅਪਟੀਮਾਈਜ਼ੇਸ਼ਨ ਐਲਗੋਰਿਦਮ ਵੀ, ਨਵੀਂ ਜਾਣਕਾਰੀ ਲੱਭਣ ਅਤੇ ਵਧੀਆ ਹੱਲ ਨੂੰ ਸੁਧਾਰਨ ਵਿਚ ਸੰਤੁਲਨ ਰੱਖਦਾ ਹੈ। ਇਹ ਸਮੱਸਿਆਵਾਂ ਦੇ ਅਲੱਗ-ਅਲੱਗ ਹੱਲਾਂ ਦੀ ਤਲਾਸ਼ ਕਰਕੇ ਚੋਟੀ ਦੇ ਨਤੀਜੇ ਦਿੰਦਾ ਹੈ।

## ਮਨੁੱਖਤਾ ਲਈ ਸੁਨੇਹਾ:

ਭੂਰੇ-ਭੇੜੀਏ ਤੋਂ ਏਕਤਾ, ਟੀਮਵਰਕ ਅਤੇ ਸਮੂਹਿਕ ਵਿਕਾਸ ਬਾਰੇ ਮਹੱਤਵਪੂਰਨ ਸਿੱਖਿਆ ਮਿਲਦੀ ਹੈ। ਮਨੁੱਖਤਾ ਲਈ ਇਹ ਇੱਕ ਸੁਨੇਹਾ ਹੈ ਕਿ ਅਸੀਂ ਵੀ ਆਪਸੀ ਸਹਿਯੋਗ ਅਤੇ ਯੋਜਨਾ ਨਾਲ ਵਧੀਆ ਨਤੀਜੇ ਹਾਸਲ ਕਰ ਸਕਦੇ ਹਾਂ। ਭੂਰੇ ਭੇੜੀਏ ਦੀ ਜ਼ਿੰਦਗੀ ਤੋਂ ਅਸੀਂ ਬਹੁਤ ਕੁਝ ਸਿੱਖ ਸਕਦੇ ਹਾਂ। ਇਹ ਸਾਨੂੰ ਸਿਖਾਉਂਦੇ ਹਨ ਕਿ ਕਿਵੇਂ ਇਕੱਠਿਆਂ ਰਹਿਕੇ, ਇੱਕ ਦੂਜੇ ਦੇ ਸਹਿਯੋਗ ਨਾਲ, ਇਕੱਠੇ ਕੰਮ ਕਰਕੇ, ਔਖੀ ਤੋਂ ਔਖੀ ਸਮੱਸਿਆ ਦਾ ਹੱਲ ਲੱਭਿਆ ਜਾ ਸਕਦਾ ਹੈ। ਇਨਸਾਨੀਅਤ ਲਈ ਇਕੱਠਿਆਂ ਰਹਿਣਾ, ਪਰਸਪਰ ਵਿਸ਼ਵਾਸ, ਅਤੇ ਟੀਮਵਰਕ, ਇੱਕ ਕਾਮਯਾਬੀ ਦੀ ਕੁੰਜੀ ਹੈ।

## ਨਤੀਜਾ:

ਗਰੇ-ਵੂਲਫ਼ ਅਪਟੀਮਾਈਜ਼ੇਸ਼ਨ, ਕੁਦਰਤ ਤੋਂ ਪ੍ਰੇਰਿਤ ਇੱਕ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਐਲਗੋਰਿਦਮ ਹੈ, ਜੋ ਵਿਆਪਕ ਖੇਤਰਾਂ ਵਿੱਚ ਆਦੁਨਿਕ ਸਮੱਸਿਆਵਾਂ ਹੱਲ ਕਰਨ ਲਈ ਵਰਤਿਆ ਜਾ ਸਕਦਾ ਹੈ। ਗਰੇ-ਵੂਲਫ਼ ਅਪਟੀਮਾਈਜ਼ੇਸ਼ਨ ਐਲਗੋਰਿਦਮ ਨੇ ਮਲਟੀ-ਫੈਕਟਰ ਅਪਟੀਮਾਈਜ਼ੇਸ਼ਨ, ਮਸ਼ੀਨ ਲਰਨਿੰਗ, ਅਤੇ ਇੰਜੀਨੀਅਰਿੰਗ ਡਿਜ਼ਾਈਨ ਵਿੱਚ ਉੱਤਮ ਨਤੀਜੇ ਦਿੱਤੇ ਹਨ। ਇਹ ਐਲਗੋਰਿਦਮ ਆਰਟੀਫੀਸ਼ਲ ਇੰਟੈਲੀਜੈਂਸ ਅਤੇ ਆਟੋਮੋਟਿਵ ਉਦਯੋਗ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਅੰਤ ਵਿੱਚ, ਗਰੇ ਵੂਲਫ਼ ਅਪਟੀਮਾਈਜ਼ੇਸ਼ਨ ਐਲਗੋਰਿਦਮ ਸਾਨੂੰ ਇਹ ਸਿਖਾਉਂਦਾ ਹੈ ਕਿ ਪ੍ਰਕਿਰਤੀ ਅਧਾਰਤ ਸੂਝ-ਬੂਝ, ਸਭ ਤੋਂ ਵਧੀਆ ਤਰੀਕੇ ਨਾਲ, ਔਖੀ ਤੋਂ ਔਖੀ ਸਮੱਸਿਆ ਹੱਲ ਕਰ ਸਕਦੀ ਹੈ। ਸਾਨੂੰ ਸਿਰਫ਼ ਇਸਨੂੰ ਸਮਝਣ ਦੀ ਅਤੇ ਲਾਗੂ ਕਰਨ ਦੀ ਲੋੜ ਹੈ। ਇਹ ਵਿਸ਼ਲੇਸ਼ਣ ਵਿਗਿਆਨ ਅਤੇ ਤਕਨਾਲੋਜੀ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ ਬਹੁਤ ਹੀ ਮਹੱਤਵਪੂਰਨ ਹੈ।

# ਵਿਗਿਆਨਕ ਸੋਚ ਅਪਣਾਓ, ਤਾਂਤਰਿਕਾਂ ਦੇ ਭਰਮ ਜਾਲ ਤੋਂ ਬਾਹਰ, ਆਓ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਲਾਈਲੱਗ ਭੋਲੀ ਭਾਲੀ ਜਨਤਾ ਨੂੰ ਲੁੱਟਣ ਵਾਲਿਆਂ ਦੀ ਇਸ ਦੇਸ਼ ਵਿੱਚ ਕੋਈ ਘਾਟ ਨਹੀਂ।ਅਖੌਤੀ ਸਿਆਣਿਆਂ, ਬਾਬਿਆਂ, ਤਾਂਤਰਿਕ,ਡੇਰੇਦਾਰ, ਪਾਂਡੇ,ਜੋਤਸ਼ੀਆਂ ਆਦਿ ਨੇ ਲੋਕਾਂ ਨੂੰ ਲੁੱਟਣ ਲਈ ਭਰਮ ਜਾਲ ਵਿਛਾਇਆ ਹੋਇਆ ਹੈ।ਸਰਮਾਏਦਾਰੀ ਪ੍ਰਬੰਧ' ਵਿੱਚ ਪੈਦਾ ਹੋਈਆਂ ਆਰਥਿਕ, ਸਮਾਜਿਕ, ਰਾਜਨੀਤਕ ਹਾਲਤਾਂ ਹਾਕਮਾਂ ਨੂੰ ਸਾਰਿਆਂ ਪਾਸਿਆਂ ਤੋਂ ਰਾਸ ਆ ਰਹੀਆਂ ਹਨ।ਹਾਕਮ ਚੋਣਾਂ ਵੇਲੇ ਗੁਣਾ ਘਟਾਓ ਦਾ ਹਰ ਹਰਬਾ ਵਰਤ ਕੇ ਜਿੱਤ ਹਾਸਲ ਕਰਦੇ ਹਨ।

ਅਖੌਤੀ ਸਿਆਣੇ, ਵਾਸਤੂਸ਼ਾਸਤਰੀ, ਜੋਤਸ਼ੀ ਆਪਣੀ ਲੁੱਟ ਨੂੰ ਤੇਜ ਕਰਨ ਲਈ ਵਿਗਿਆਨਿਕ ਖੋਜਾਂ , ਟੀ ਵੀ ਚੈਨਲਾ, ਕੇਬਲਾਂ, ਕੰਪਿਊਟਰਾਂ, ਮੋਬਾਇਲਾਂ ਤੇ ਪ੍ਰਿੰਟ ਮੀਡੀਆ ਦੀ ਪੂਰੀ ਪੂਰੀ ਵਰਤੋਂ ਕਰ ਰਹੇ ਹਨ।ਸਵੇਰੇ ਸਵੇਰ ਚੈਨਲਾਂ ਉਤੇ ਰਾਸ਼ੀਫਲ ਅਤੇ ਵੱਖ ਵੱਖ ਤਰ੍ਹਾਂ ਦੇ ਵਹਿਮ-ਭਰਮ ਫੈਲਾ ਕੇ ਸ਼ਨੀ,ਰਾਹੂ ਕੇਤੂ ਗ੍ਰਿਹਾਂ ਦਾ ਡਰ ਪਾਉਂਦੇ ਹੋਏ ਲੋਕਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਕਰਨ ਲਈ ਨਗ, ਮੂੰਗੇ,ਕਵਚ ਆਦਿ ਵੇਚ ਰਹੇ ਹੁੰਦੇ ਹਨ। ਬਹੁਤ ਸਾਰੇ ਅਖੌਤੀ ਸਿਆਣਿਆਂ,ਜੋਤਸ਼ੀਆਂ ਵੱਲੋਂ ਪਿੰਡ ਪਿੰਡ, ਸ਼ਹਿਰ ਸ਼ਹਿਰ ਕੂੜ ਦੀਆਂ ਦੁਕਾਨਾਂ ਖੋਲੀਆਂ ਹਨ ,ਜਿਨਾਂ 'ਚ ਦੁਕਾਨਾਂ ਤੇ ਆਮ ਹੀ ਪੜਦੇ ਲਾਏ ਹੁੰਦੇ ਹਨ ਤਾਂ ਕਿ ਕੋਈ ਵੇਖ ਨਾ ਸਕੇ ।ਅੰਦਰ ਕੋਲ ਕੌਣ ਬੈਠਾ ਹੈ।ਭਾਵ ਇਹ ਧੰਦਾ ਚੋਰੀ ਛੁਪੇ ਦਾ ਵੀ ਹੈ।ਵਿਦੇਸ਼ ਜਾਣ ਲਈ, ਤਲਾਕ,ਵਸ਼ੀਕਰਨ ਜਿਸ ਨੂੰ ਮਰਜੀ ਵਸ ਕਰ ਲਵੋ, ਪਿਆਰ ਵਿਆਹ ਸਫਲ ਕਰਨ, ਮੰਗਲੀਕ,ਜਨਮ ਕੁੰਡਲੀਆਂ, ਨੌਕਰੀ,ਔਲਾਦ ਤੇ ਖਾਸ ਕਰ ਪੁੱਤਰ ਦੀ ਪ੍ਰਾਪਤੀ,ਘਰੇਲੂ ਪ੍ਰੇਸ਼ਾਨੀਆਂ ਜਾਂ ਝਗੜੇ, ਬਿਮਾਰੀ ਤੋਂ ਮੁਕਤੀ,ਜਾਦੂ ਟੂਣਾ,ਕੀਤਾ ਕਰਾਇਆ, ਓਪਰੀ ਛਾਈਆ,ਕਾਲੇ ਇਲਮ ਨਾਲ ਦੁਸ਼ਮਣ ਤੇ ਜਿੱਤ ਜਾਂ ਕਿਸੇ ਨੂੰ ਵਸ ਕਰਨਾ, ਪੜ੍ਹਾਈ ਵਿੱਚ ਨੰਬਰ ਲੈਣ,ਛੁਪਿਆ ਧਨ ਲੱਭਣ ਆਦਿ ਲਈ ਜੋਤਸ਼ੀਆਂ ਵੱਲੋਂ ਗਰੰਟੀਆਂ ਨਾਲ ਇਲਾਜ/ ਉਪਾਅ ਕੀਤੇ ਜਾਂਦੇ ਹਨ।ਇਹ ਗਰੰਟੀਆਂ ਦਿੰਦੇ ਹਨ,ਕਿਸੇ ਵੀ ਸਮੱਸਿਆ ਦੇ ਹਲ ਲਈ ਹਲਫੀਆ ਬਿਆਨ ਲਵੋ,100 ਨਹੀਂ 1000 ਫੀ ਸਦੀ ਗਰੰਟੀ,ਸਮੱਸਿਆ ਹਲ ਨਾ ਹੋਣ ਤੇ ਪੈਸੇ ਵਾਪਸ, ਕੰਮ ਨੂੰ ਸਲਾਮ,ਇਕ ਫੋਨ ਤੁਹਾਡੀ ਜਿੰਦਗੀ ਬਦਲ ਸਕਦਾ ਹੈ,ਕਾਲੇ ਇਲਮ ਦਾ ਕਮਾਲ,ਸ਼ਰਤੀਆ ਇਲਾਜ,ਮਹਾਂਕਲੀ ਦੀ ਅਦਭੁੱਤ ਸ਼ਕਤੀ, ਮੁਸਲਮਾਨ ਸ਼ਕਤੀਆਂ ਦੇ ਬੇਤਾਜ ਬਾਦਸ਼ਾਹ,ਦਸ ਮਹਾਂਵਿਦਿਆ ਦੇ ਮਾਹਿਰ ਦੱਸ ਕੇ ਜਨਤਾ ਨੂੰ ਲੁੱਟ ਰਹੇ ਹਨ। ਆਪਣੇ ਜਾਲ ਵਿੱਚ ਫਸਾਉਣ ਲਈ,ਕਈ ਅਖੌਤੀ ਸਿਆਣੇ ਕਾਲੇ ਇਲਮ ਦੇ ਮਾਹਿਰ ਅਖਵਾਉਣ ਵਾਲੇ ਆਪਣੇ ਸਟੇਟਸ ਰਾਹੀਂ ਆਪਣੀ ਮਸ਼ਹੂਰੀ ਸਮੇਂ ਪਹਿਲਾਂ ਲੜਕੀਆਂ ਨੂੰ ਨੱਚਦੇ ਦਿਖਾਉਂਦੇ ਫਿਰ ਹੋਰ ਲੜਕੀਆਂ ਤੋਂ ਉਸ ਦਾ ਅਖੌਤੀ ਸਿਆਣੇ ਦੀ ਅਖੌਤੀ ਗੈਬੀ ਸ਼ਕਤੀਆਂ ਨਾਲ ਪਿਆਰ ਵਿਆਹ ਸਫਲ ਹੁੰਦਾ ਅਖਵਾਉਂਦੇ ਹਨ ।ਉਪਰੋਕਤ ਸਾਰੀ ਕਿਸਮ ਦੇ ਲੁਟੇਰਿਆਂ ਨੂੰ ਪਿਛਲੇ 40 ਸਾਲਾਂ ਤੋਂ ਤਰਕਸ਼ੀਲ ਸੁਸਾਇਟੀ ਵੱਲੋਂ ਖੁੱਲੀ ਚੁਣੌਤੀ ਦਿੱਤੀ ਗਈ ਹੈ ਕਿ ਉਹ ਆਪਣੀ ਗੈਬੀ ਸ਼ਕਤੀ ਨਾਲ ਸੁਸਾਇਟੀ ਦੀਆਂ ਰੱਖੀਆਂ 23 ਸ਼ਰਤਾਂ ਵਿੱਚੋਂ ਇਕ ਵੀ ਧੋਖਾ ਰਹਿਤ ਹਾਲਤਾਂ ਵਿੱਚ ਪੂਰੀ ਕਰ ਦੇਣ ਤਾਂ ਉਨਾਂ ਨੂੰ ਪੰਜ ਲੱਖ ਰੁਪਏ ਦਿਤੇ ਜਾਣਗੇ ਤੇ ਹੋਰ ਸੁਸਾਇਟੀਆਂ ਵੱਲੋਂ ਰੱਖੇ ਇਨਾਮਾਂ ਦੀ ਰਕਮ ਜੋੜ ਕੇ ਕਰੋੜਾਂ ਵਿੱਚ ਹੈ ਪਰ ਅੱਜ ਤਕ ਕੋਈ ਵੀ ਇਹ ਸ਼ਰਤ ਨਹੀ ਜਿੱਤ ਸਕਿਆ।ਇਨਾਂ ਸ਼ਰਤਾਂ ਵਿਚ ਸੀਲਬੰਦ ਕਰੰਸੀ ਨੋਟ ਦਾ ਨੰਬਰ ਦਸਣ ਜਾਂ ਉਸਦੀ ਨਕਲ ਪੈਦਾ ਕਰਨ,ਬਲਦੀ ਅੱਗ ਵਿੱਚ ਨੰਗੇ ਪੈਰੀਂ ਤੁਰ ਸਕੇ,ਪਾਣੀ ਤੇ ਚਲ ਸਕੇ,ਅਜਿਹੀ ਵਸਤੂ ਜੋ ਅਸੀਂ ਮੰਗੀਏ ਉਹ ਹਵਾ ਵਿਚੋਂ ਪੈਦਾ ਕਰ ਸਕੇ,ਛੁਪੀ ਜਾਂ ਛੁਪਾਈ ਚੀਜ ਲਭ ਸਕੇ,ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਦੇਵੇ ਜਾਂ ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਦੇਵੇ,ਸਰੀਰ ਦੇ ਅੰਗ ਨੂੰ ਇਕ ਇੰਚ ਵਧਾ ਸਕੇ,ਭੂਤ ਪ੍ਰੇਤ ਜਾਂ ਆਤਮਾ ਦੀ ਫੋਟੋ ਖਿੱਚ ਸਕੇ ਤੇ ਫਿਰ ਅਲੋਪ ਕਰੇ ਜਾਂ ਉਸਨੂੰ ਹਾਜ਼ਰ ਕਰੇ,ਪੁਨਰ ਜਨਮ ਤੌਰ ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ ।ਆਪਣਾ ਸਰੀਰ ਇਕ ਥਾਂ ਤੋਂ ਦੂਜੀ ਥਾਂ ਬਿਨਾਂ ਛੱਡੇ ਲਿਜਾ ਸਕੇ,ਅੱਧੇ ਘੰਟੇ ਲਈ ਸਾਹ ਰੋਕ ਸਕੇ,ਘਰਾਂ ਵਿੱਚ ਖੂਨ ਦੇ ਛਿੱਟੇ,ਇੱਟਾਂ,ਰੋੜੇ ਡਿੱਗਣ ਪਿੱਛੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ ਆਦਿ ।ਕੋਈ ਜੋਤਸ਼ੀ ਜਾਂ ਪਾਂਡਾ ਦਸ ਚਿੱਤਰਾਂ ਜਾਂ ਦਸ ਜਨਮ ਪੱਤਰੀਆਂ ਨੂੰ ਵੇਖਕੇ ਇਹ ਦਸ ਦੇਵੇ ਕਿ ਕਿਹੜੇ ਮਰਦ ਤੇ ਕਿਹੜੀਆਂ ਔਰਤਾਂ ਦੀਆਂ ਹਨ ਤੇ ਇਨਾਂ ਵਿੱਚੋਂ ਕਿੰਨੇ ਮਰੇ ਤੇ ਕਿੰਨੇ ਜੀਉਂਦੇ ਹਨ ? ਜਨਮ ਦਾ ਠੀਕ ਸਮਾਂ,ਸਥਾਨ ਦਸ ਦੇਣ ਉਹ ਇਨਾਮ ਜਿੱਤ ਸਕਦੇ ਹਨ,5% ਗਲਤੀ ਮਾਫ ਹੈ।ਅੱਜ ਤੱਕ ਜੋਤਸ਼ੀਆਂ ਨੇ ਕਦੇ ਤੂਫਾਨ,ਭੁਚਾਲ, ਰੋਜ਼ਾਨਾ ਹੋ ਰਹੇ ਕਤਲਾਂ,ਹਾਦਸਿਆਂ, ਚੋਰੀਆਂ, ਡਾਕਿਆਂ ਬਾਰੇ ਭਵਿੱਖਬਾਣੀ ਵੀ ਨਹੀਂ ਕੀਤੀ ਤੇ ਨਾ ਹੀ ਕਰ ਸਕਣਗੇ।'



ਮਾਸਟਰ ਪਰਮਵੇਦ
ਜੋਨ ਜਥੇਬੰਦਕ ਮੁਖੀ
ਤਰਕਸ਼ੀਲ ਸੁਸਾਇਟੀ ਪੰਜਾਬ
ਅਫ਼ਸਰ ਕਲੋਨੀ ਸੰਗਰੂਰ

ਵਹਿਮਾਂ-ਭਰਮਾਂ ਤੋਂ ਬਚ ਜਾ ਲੋਕਾ,ਜੋਤਿਸ਼ ਵਿਦਿਆ ਵੱਡਾ ਧੋਖਾ।' '
ਆਖਦੇ ਜਿਹੜੇ ਕੁਝ ਨਹੀਂ ਜਾਣਾ ਨਾਲ,
'ਸਤ ਪੀੜ੍ਹੀਆਂ ਵਾਸਤੇ ਇਕੱਠਾ ਕਰਦੇ ਮਾਲ।'

'ਚੰਨ ,ਸੂਰਜ, ਗ੍ਰਿਹ ਅਤੇ ਤਾਰੇ;ਚੱਕਰਾਂ ਦੇ ਵਿੱਚ ਘੁੰਮਦੇ ਸਾਰੇ;
ਇਹ ਤਾਂ ਆਪਣਾ ਪੰਧ ਨੇ ਕਰਦੇ;ਇਹ ਨਾ ਸਾਡੀ ਕਿਸਮਤ ਘੜਦੇ।'
'ਨਾ ਕੋਈ ਭੂਤ ,ਨਾ ਪਰੇਤ,ਨਾ ਕੋਈ ਉਪਰੀ ਛਾਇਆ ; ਅਖੌਤੀ ਸਾਧਾਂ
/ਸਿਆਣਿਆਂ, ਜੋਤਸ਼ੀਆਂ ਨੇ ਹੈ ,ਚਕਰਾਂ ਵਿੱਚ ਪਾਇਆ।'

“ਉੱਠੋ,ਜਾਗੋ, ਅੱਖਾਂ ਖੋਲੋ, ਵਿਗਿਆਨਕ ਸੋਚ ਅਪਣਾਓ, ਤਾਂਤਰਿਕਾਂ ਦੇ ਭਰਮ ਜਾਲ ਤੋਂ ਬਾਹਰ ਆਓ,ਆਪਣੀ ਕਮਾਈ, ਆਪਣੇ ਪਰਿਵਾਰ ਤੇ ਲਾਓ

# ਕੁੜੀਆਂ ਦੀ ਸਿੱਖਿਆ: ਸਮਾਜ ਦੇ ਵਿਕਾਸ ਦੀ ਬੁਨਿਆਦ”

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ,

ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ, ਕੁੜੀਆਂ ਦੀ ਸਿੱਖਿਆ ਦੀ ਮਹੱਤਤਾ ਨੂੰ ਸਮਝਣਾ ਬਹੁਤ ਜਰੂਰੀ ਹੈ। ਸਿੱਖਿਆ ਸਿਰਫ਼ ਇੱਕ ਵਿਅਕਤੀ ਦੀ ਜ਼ਿੰਦਗੀ ਨੂੰ ਬਦਲਣ ਦਾ ਸਾਧਨ ਨਹੀਂ, ਸਗੋਂ ਇਹ ਸਮਾਜ ਦੇ ਵਿਕਾਸ ਦਾ ਵੀ ਇੱਕ ਅਹਿਮ ਹਿੱਸਾ ਹੈ। ਜਦੋਂ ਕੁੜੀਆਂ ਪੜ੍ਹਦੀਆਂ ਹਨ, ਤਾਂ ਉਹ ਆਪਣੇ ਪਰਿਵਾਰ, ਸਮਾਜ ਅਤੇ ਦੇਸ਼ ਲਈ ਇੱਕ ਨਵੀਂ ਰਾਹਤ ਲਿਆਉਂਦੀਆਂ ਹਨ।ਸਿੱਖਿਆ ਦੇ ਨਾਲ, ਕੁੜੀਆਂ ਨੂੰ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਦਾ ਪਤਾ ਲੱਗਦਾ ਹੈ। ਉਹ ਸਮਾਜ ਵਿੱਚ ਆਪਣੀ ਆਵਾਜ਼ ਨੂੰ ਉਠਾਉਣ ਦੇ ਯੋਗ ਬਣਦੀਆਂ ਹਨ। ਇਸ ਨਾਲ ਉਹ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਦੀਆਂ ਹਨ। ਸਿੱਖਿਆ ਨਾਲ ਕੁੜੀਆਂ ਨੂੰ ਨੌਕਰੀਆਂ ਅਤੇ ਵਪਾਰ ਦੇ ਮੌਕੇ ਮਿਲਦੇ ਹਨ, ਜਿਸ ਨਾਲ ਉਹ ਆਤਮ-ਨਿਰਭਰ ਬਣਦੀਆਂ ਹਨ।ਇਸ ਦੇ ਨਾਲ-ਨਾਲ ਕੁੜੀਆਂ ਦੀ ਸਿੱਖਿਆ ਨਾਲ ਸਮਾਜ ਵਿੱਚ ਬਦਲਾਅ ਆਉਂਦਾ ਹੈ। ਜਦੋਂ ਕੁੜੀਆਂ ਸਿੱਖਿਆ ਪ੍ਰਾਪਤ ਕਰਦੀਆਂ ਹਨ, ਤਾਂ ਉਹ ਆਪਣੇ ਪਰਿਵਾਰਾਂ ਨੂੰ ਵੀ ਸਿੱਖਿਆ ਦੇਣ ਵਿੱਚ ਸਹਾਇਤਾ ਕਰਦੀਆਂ ਹਨ। ਇਸ ਤਰ੍ਹਾਂ ਪੜ੍ਹੀਆਂ ਕੁੜੀਆਂ ਆਪਣੇ ਬੱਚਿਆਂ ਨੂੰ ਵੀ ਸਿੱਖਿਆ ਦੇਣ ਵਿੱਚ ਮਦਦ ਕਰਦੀਆਂ ਹਨ ਜਿਸ ਨਾਲ ਪੀੜ੍ਹੀਆਂ ਦੇ ਦਰਮਿਆਨ ਸਿੱਖਿਆ ਦਾ ਦਰਜਾ ਵਧਦਾ ਹੈ।ਸਰਕਾਰ ਅਤੇ ਸਮਾਜ ਨੂੰ ਚਾਹੀਦਾ ਹੈ ਕਿ ਉਹ ਕੁੜੀਆਂ ਦੀ ਸਿੱਖਿਆ ਨੂੰ ਪ੍ਰੋਤਸਾਹਿਤ ਕਰਨ ਲਈ ਵੱਖ-ਵੱਖ ਯੋਜਨਾਵਾਂ ਅਤੇ ਸਕੀਮਾਂ ਨੂੰ ਲਾਗੂ ਕਰਨ। ਸਕੂਲਾਂ ਵਿੱਚ ਕੁੜੀਆਂ ਲਈ ਵਿਸ਼ੇਸ਼ ਸਕਾਲਰਸ਼ਿਪ ਅਤੇ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ, ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਣ।ਸਿੱਖਿਆ ਦੇ ਮਾਧਿਅਮ ਨਾਲ ਕੁੜੀਆਂ ਆਪਣੇ ਹੱਕਾਂ ਲਈ ਲੜਨ ਅਤੇ ਸਮਾਜ ਵਿੱਚ ਬਦਲਾਅ ਲਿਆਉਣ ਦੇ ਯੋਗ ਬਣਦੀਆਂ ਹਨ। ਇਸ ਲਈ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਕੁੜੀ ਨੂੰ ਪੜ੍ਹਾਈ ਦਾ ਮੌਕਾ ਮਿਲੇ ਤਾਂ ਜੋ ਉਹ ਆਪਣੇ ਭਵਿੱਖ ਨੂੰ ਸੁਨਹਿਰਾ ਬਣਾ ਸਕੇ।ਸਿੱਖਿਆ ਦੇ ਇਸ ਯਾਤਰਾ ਵਿੱਚ, ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਕੁੜੀਆਂ ਦੀ ਸਿੱਖਿਆ ਸਿਰਫ਼ ਉਨ੍ਹਾਂ ਦੀ ਨਹੀਂ, ਸਗੋਂ ਸਾਡੇ ਸਮਾਜ ਦੀ ਵੀ ਤਰੱਕੀ ਹੈ। ਇਸ ਲਈ ਆਓ ਅਸੀਂ ਸਾਰਿਆਂ ਮਿਲ ਕੇ ਕੁੜੀਆਂ ਦੀ ਸਿੱਖਿਆ ਨੂੰ ਪ੍ਰੋਤਸਾਹਿਤ ਕਰੀਏ ਅਤੇ ਇੱਕ ਬਿਹਤਰ ਭਵਿੱਖ ਦੀ ਰਚਨਾ ਕਰੀਏ।ਇਸ ਤਰ੍ਹਾਂ ਸਿੱਖਿਆ ਦੇ ਮਾਧਿਅਮ ਨਾਲ ਅਸੀਂ ਇੱਕ ਸਮਾਜਿਕ ਬਦਲਾਅ ਲਿਆ ਸਕਦੇ ਹਾਂ, ਜਿੱਥੇ ਹਰ ਕੁੜੀ ਆਪਣੇ ਹੱਕਾਂ ਅਤੇ ਸੁਪਨਿਆਂ ਦੀ ਪੂਰੀ ਤਰ੍ਹਾਂ ਪਾਲਣਾ ਕਰ ਸਕੇ।



ਰੂਬੀ ਕੌਰ
ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ,ਦਿਉਣ (ਬਠਿੰਡਾ),

# ਪੰਜਾਬੀ ਯੂਨੀਵਰਸਿਟੀ ਵਿਖੇ ਸਰੀਰਿਕ ਸਿੱਖਿਆ ਵਿਭਾਗ ਦਾ ਕੌਮਾਂਤਰੀ ਦੋ-ਦਿਨਾ ਸੈਮੀਨਾਰ ਸ਼ੁਰੂ

## ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਮੈਰਾਥਨ ਦੌੜਾਕ ਫੌਜਾ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com



ਬਠਿੰਡਾ/ਪਟਿਆਲਾ,30 ਮਾਰਚ (ਅੰਗਰੇਜ ਸਿੰਘ ਵਿੱਕੀ)-ਪੰਜਾਬੀ ਯੂਨੀਵਰਸਿਟੀ ਦੇ ਸਰੀਰਿਕ ਸਿੱਖਿਆ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ ਦੋ ਦਿਨਾ ਅੰਤਰ-ਰਾਸ਼ਟਰੀ ਸੈਮੀਨਾਰ ਸ਼ੁਰੂ ਹੋ ਗਿਆ ਹੈ। ਦਿਵਿਆਂਗ ਜੀਆਂ ਦੀ ਦੁਨੀਆਂ ਨੂੰ ਯੋਗਾ ਦੀ ਮਦਦ ਨਾਲ ਬਿਹਤਰ ਬਣਾਉਣ ਨਾਲ ਜੁੜੇ ਵਿਸ਼ੇ 'ਸ਼ੇਪਿੰਗ ਦ ਵਲਡ ਆਫ਼ ਦਿਵਿਆਂਗ ਥਰੂ ਯੋਗਾ' ਬਾਰੇ ਕਰਵਾਏ ਜਾ ਰਹੇ ਇਸ ਸੈਮੀਨਾਰ ਦੇ ਉਦਘਾਟਨੀ ਸੈਸ਼ਨ ਵਿੱਚ ਭਾਰਤੀ ਹਾਕੀ ਟੀਮ ਦੇ ਖਿਡਾਰੀ ਉਲੰਪੀਅਨ ਅਕਾਸ਼ਦੀਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਅਤੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਮੈਰਾਥਨ ਦੌੜਾਕ ਫੌਜਾ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ।ਉਲੰਪੀਅਨ ਅਕਾਸ਼ਦੀਪ ਸਿੰਘ ਨੇ ਇਸ ਮੌਕੇ ਭਾਰਤੀ ਟੀਮ ਵਿੱਚ ਖੇਡਣ ਦੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਕਦੇ ਵੀ ਸਾਨੂੰ ਆਪਣੇ ਮਾੜੇ ਸਮੇਂ ਹਾਰ ਨਹੀਂ ਮੰਨਣੀ ਚਾਹੀਦੀ ਬਲਕਿ ਚੰਗੀ ਤਿਆਰੀ ਨਾਲ ਆਪਣੇ ਸਰਵੋਤਮ ਨੂੰ ਭਾਲਦਿਆਂ ਮੁੜ ਬੁਲੰਦੀਆਂ ਹਾਸਿਲ ਕਰਨ ਦਾ ਹੌਸਲਾ ਰੱਖਣਾ ਚਾਹੀਦਾ ਹੈ। ਉਨ੍ਹਾਂ ਇਸ ਮੌਕੇ ਉਨ੍ਹਾਂ ਪਲਾਂ ਨੂੰ ਯਾਦ ਕੀਤਾ ਜਦੋਂ ਭਾਰਤੀ ਹਾਕੀ ਟੀਮ ਇੱਕ ਟੂਰਨਾਮੈਂਟ ਦੇ ਸ਼ੁਰੂਆਤੀ ਮੈਚ ਦੌਰਾਨ ਪਾਕਿਸਤਾਨੀ ਟੀਮ ਤੋਂ ਹਾਰ ਗਈ ਸੀ ਪਰ ਫਿਰ ਟੀਮ ਨੇ ਆਪਣੀ ਤਿਆਰੀ ਸਦਕਾ ਫਾਈਨਲ ਵਿੱਚ ਪਾਕਿਸਤਾਨੀ ਟੀਮ ਨੂੰ ਹਰਾਕੇ ਟਰਾਫ਼ੀ ਜਿੱਤ ਲਈ ਸੀ।

ਸੈਮੀਨਾਰ ਦਾ ਮੁੱਖ-ਸੁਰ ਭਾਸ਼ਣ ਅਕਸ਼ਿਤਾ ਸੇਖੋਂ ਵੱਲੋਂ ਦਿੱਤਾ ਗਿਆ। ਭਾਰਤੀ ਨਿਸ਼ਾਨੇਬਾਜ਼ੀ ਟੀਮ ਨਾਲ ਲੰਬੇ ਸਮੇਂ ਤੋਂ ਮਨੋਵਿਗਿਆਨਕ ਮਾਹਿਰ ਵਜੋਂ ਸੇਵਾਵਾਂ ਨਿਭਾ ਰਹੀ ਅਕਸ਼ਿਤਾ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਕਿਵੇਂ ਉਨ੍ਹਾਂ ਭਾਰਤੀ ਟੀਮ ਵਿੱਚ ਸ਼ਾਮਿਲ ਨਿਸ਼ਾਨੇਬਾਜ਼ਾਂ ਦੀ ਤਿਆਰੀ ਵਿੱਚ ਯੋਗਦਾਨ ਪਾਇਆ। ਦ੍ਰੋਣਾਚਾਰੀਆ ਐਵਾਰਡ ਜੇਤੂ ਕੋਚ ਜੀਵਨਜੋਤ ਸਿੰਘ ਤੇਜਾ ਨੇ ਜ਼ਿੰਦਗੀ ਵਿੱਚ ਅਨੁਸ਼ਾਸਨ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਸਾਨੂੰ ਆਪਣੀਆਂ ਸੀਮਾਵਾਂ ਅਤੇ ਸਮਰਥਾਵਾਂ ਬਾਰੇ ਗਿਆਨ ਹੋਣਾ ਜ਼ਰੂਰੀ ਹੈ। ਉਨ੍ਹਾਂ ਆਪਣੀ ਜ਼ਿੰਦਗੀ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਯੋਗਦਾਨ ਬਾਰੇ ਗੱਲ ਕਰਦਿਆਂ ਕਿਹਾ ਕਿ ਜੇ ਪੰਜਾਬੀ ਯੂਨੀਵਰਸਿਟੀ ਨਾ ਹੁੰਦੀ ਤਾਂ ਸ਼ਾਇਦ ਉਹ ਕਦੇ ਏਨੀ ਤਰੱਕੀ ਨਾ ਕਰ ਸਕਦਾ।ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਉਲੰਪੀਅਨ ਤ੍ਰਿਲੋਕ ਸਿੰਘ ਨੇ ਯੋਗਾ ਅਤੇ ਖੇਡਾਂ ਦੇ ਆਪਸੀ ਸਬੰਧਾਂ, ਇਨ੍ਹਾਂ ਵਿਚਲੀਆਂ ਸਮਨਤਾਵਾਂ ਅਤੇ ਵੱਖਰਤਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਸੈਮੀਨਾਰ ਵਿੱਚ ਸ਼ਿਰਕਤ ਕਰਨ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਇਨ੍ਹਾਂ ਨੁਕਤਿਆਂ ਉੱਤੇ ਵਿਚਾਰ-ਵਟਾਂਦਰਾ ਜ਼ਰੂਰ ਕਰਨ।

ਸਰੀਰਿਕ ਸਿੱਖਿਆ ਵਿਭਾਗ ਦੇ ਮੁਖੀ ਡਾ. ਅਮਰਪ੍ਰੀਤ ਸਿੰਘ ਵੱਲੋਂ ਆਪਣੇ ਸਵਾਗਤੀ ਭਾਸ਼ਣ ਦੌਰਾਨ ਸੈਮੀਨਾਰ ਦੇ ਮਨੋਰਥ ਬਾਰੇ ਦੱਸਿਆ। ਵਿਭਾਗ ਦੇ ਸੀਨੀਅਰ ਪ੍ਰੋਫ਼ੈਸਰ ਪ੍ਰੋ. ਨਿਸ਼ਾਨ ਸਿੰਘ ਦਿਉਲ ਵੱਲੋਂ ਉਦਘਾਟਨੀ ਸੈਸ਼ਨ ਦੌਰਾਨ ਧੰਨਵਾਦੀ ਭਾਸ਼ਣ ਦਿੱਤਾ ਗਿਆ। ਉਦਘਾਟਨੀ ਸੈਸ਼ਨ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ਉੱਘੇ ਖੇਡ ਲੇਖਕ ਐੱਮ.ਐੱਲ ਕਮਲੇਸ਼ ਵੱਲੋਂ ਇਸ ਸੈਸ਼ਨ ਉਪਰੰਤ ਹੋਏ ਪਹਿਲੇ ਅਕਾਦਮਿਕ ਸੈਸ਼ਨ ਦੌਰਾਨ ਯੋਗਾ ਅਤੇ ਖੇਡਾਂ ਦੇ ਹਵਾਲੇ ਨਾਲ ਆਪਣੇ ਅਹਿਮ ਵਿਚਾਰ ਪ੍ਰਗਟਾਏ ਗਏ। ਉਦਘਾਟਨੀ ਸੈਸ਼ਨ ਦੌਰਾਨ ਕਬੱਡੀ ਕੋਚ ਮਦਨ ਲਾਲ ਨੂੰ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਨਿਵਾਜਿਆ ਗਿਆ।

# ਹੁਣ ਪੰਜਾਬ ਤੇ ਰਾਜ ਕਰਨ ਦੀ ਵਾਰੀ ਬਹੁਜਨ ਸਮਾਜ ਦੀ - ਅਜੀਤ ਸਿੰਘ ਭੈਣੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com





ਬਰਨਾਲਾ () ਸਥਾਨਕ ਆਜ਼ਾਦ ਨਗਰ ਦੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਬਹੁਜਨ ਸਮਾਜ ਪਾਰਟੀ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾਕਟਰ ਸਰਬਜੀਤ ਸਿੰਘ ਖੇੜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਇੰਚਾਰਜ ਅਜੀਤ ਸਿੰਘ ਭੈਣੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਬਲਦੇਵ ਸਿੰਘ ਮਹਿਰਾ, ਜੋਗਾ ਸਿੰਘ ਪਨੌਦੀਆਂ, ਚਮਕੌਰ ਸਿੰਘ ਵੀਰ (ਤਿੰਨੇ ਸੂਬਾ ਜਨਰਲ ਸਕੱਤਰ), ਲੈਕਚਰਾਰ ਅਮਰਜੀਤ ਸਿੰਘ ਝਲੂਰ ਇੰਚਾਰਜ ਪਟਿਆਲਾ ਜੋਨ, ਡਾਕਟਰ ਮੱਖਣ ਸਿੰਘ ਸੂਬਾ ਕਮੇਟੀ ਮੈਂਬਰ ਆਦਿ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਝਲੂਰ ਅਤੇ ਦਰਸ਼ਨ ਸਿੰਘ ਬਾਜਵਾ ਆਦਿ ਨੇਤਾਵਾਂ ਨੇ ਵੀ ਸੰਬੋਧਨ ਕੀਤਾ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਅਜੀਤ ਸਿੰਘ ਭੈਣੀ ਨੇ ਕਿਹਾ ਕਿ ਡੇਢ ਕੁ ਸਾਲਾਂ ਤੱਕ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਰਵਾਇਤੀ ਪਾਰਟੀਆਂ ਤਿਆਰੀ ਕਰਨ ਲੱਗੀਆਂ ਹਨ। ਉਹਨਾਂ ਕਿਹਾ ਕਿ ਹੁਣ ਤੱਕ ਰਾਜ ਕਰਨ ਵਾਲੀਆਂ ਪਾਰਟੀਆਂ ਨੇ ਪੰਜਾਬ ਨੂੰ ਕਰਜ਼ਾਈ ਕਰਕੇ ਇੱਥੋਂ ਦੇ ਲੋਕਾਂ ਨੂੰ ਡੂੰਘੀ ਦਲਦਲ ਵਿੱਚ ਸੁੱਟ ਦਿੱਤਾ ਹੈ। ਇਹ ਪਾਰਟੀਆਂ ਕਦੇ ਵੀ ਪੰਜਾਬ ਦੇ ਲੋਕਾਂ ਨੂੰ ਇਨਸਾਫ਼ ਨਹੀਂ ਦੇ ਸਕਣਗੀਆਂ। ਉਹਨਾਂ ਕਿਹਾ ਕਿ ਕੇਵਲ ਬਹੁਜਨ ਸਮਾਜ ਪਾਰਟੀ ਹੀ ਪੰਜਾਬ ਨੂੰ ਤਰੱਕੀ ਦੇ ਰਾਹ ਤੇ ਅੱਗੇ ਲਿਜਾ ਸਕਦੀ ਹੈ। ਉਹਨਾਂ ਕਿਹਾ ਕਿ ਪੰਜਾਬ ਅਤੇ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਹੁਣ ਲੋਕ ਵੀ ਆਖ਼ਰੀ ਉਮੀਦ ਵਜੋਂ ਬਸਪਾ ਵੱਲ ਵੇਖ ਰਹੇ ਹਨ। ਇਸ ਲਈ ਬਸਪਾ ਵਰਕਰਾਂ ਨੂੰ ਵੀ ਸਾਰੀਆਂ ਜਾਤੀਆਂ ਨੂੰ ਆਪਣੇ ਨਾਲ ਜੋੜ ਕੇ ਆਪਣਾ ਦਾਅਵਾ ਮਜ਼ਬੂਤ ਕਰਨਾ ਚਾਹੀਦਾ ਹੈ।

ਇਸ ਸਮੇਂ ਦਰਸ਼ਨ ਸਿੰਘ ਤਪਾ ਨੂੰ ਹਲਕਾ ਭਦੌੜ ਅਤੇ ਡਾਕਟਰ ਸੋਮਾ ਸਿੰਘ ਗੰਡੇਵਾਲ ਨੂੰ ਹਲਕਾ ਮਹਿਲ ਕਲਾਂ ਦੇ ਇੰਚਾਰਜ ਲਗਾਇਆ ਗਿਆ। ਗੁਰਬਖਸ਼ ਸਿੰਘ ਦਰਾਕਾ ਨੂੰ ਹਲਕਾ ਭਦੌੜ ਦਾ ਮੀਤ ਪ੍ਰਧਾਨ ਲਾਇਆ ਗਿਆ। ਪ੍ਰਿੰਸੀਪਲ ਪਿਆਰਾ ਸਿੰਘ ਨੂੰ ਬਰਨਾਲਾ ਦਾ ਸ਼ਹਿਰੀ ਪ੍ਰਧਾਨ ਬਣਾਇਆ ਗਿਆ। ਬੀਬੀ ਬਲਜੀਤ ਕੌਰ ਵਿਰਕ ਨੂੰ ਜ਼ਿਲ੍ਹਾ ਬਰਨਾਲਾ ਦੀ ਲੇਡੀਜ਼ ਵਿੰਗ ਦੀ ਕਨਵੀਨਰ ਲਗਾਇਆ ਗਿਆ ਅਤੇ ਜਥੇਦਾਰ ਹਰਬੰਸ ਸਿੰਘ ਛੀਨੀਵਾਲ ਖੁਰਦ ਨੂੰ ਹਲਕਾ ਮਹਿਲ ਕਲਾਂ ਦੇ ਪ੍ਰਧਾਨ ਲਗਾਇਆ ਗਿਆ।

ਇਸ ਸਮੇਂ ਪਵਿੱਤਰ ਸਿੰਘ, ਡਾਕਟਰ ਜਗਜੀਵਨ ਸਿੰਘ, ਜਥੇਦਾਰ ਜਗਤਾਰ ਸਿੰਘ ਬੀਹਲਾ, ਸੱਤਪਾਲ ਸਿੰਘ ਸੰਘੇੜਾ, ਗੁਰਭਗਤ ਸਿੰਘ ਬੀਹਲਾ, ਬੂਟਾ ਖਾਨ ਕੋਟਦੁੱਨਾ, ਬਲਵਿੰਦਰ ਸਿੰਘ, ਅਮਰ ਸਿੰਘ ਖੁੱਡੀ, ਮੇਜਰ ਸਿੰਘ ਖੇੜੀ ਅਤੇ ਏਕਮ ਸਿੰਘ ਛੀਨੀਵਾਲ ਆਦਿ ਆਗੂ ਵੀ ਹਾਜ਼ਰ ਸਨ। ਆਖਿਰ ਵਿੱਚ ਜ਼ਿਲ੍ਹਾ ਪ੍ਰਧਾਨ ਡਾਕਟਰ ਸਰਬਜੀਤ ਸਿੰਘ ਖੇੜੀ ਨੇ ਆਏ ਮਹਿਮਾਨਾਂ ਅਤੇ ਵੱਡੀ ਗਿਣਤੀ ਵਿੱਚ ਪਹੁੰਚੇ ਸਮੂਹ ਵਰਕਰਾਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਜਥੇਦਾਰ ਜਗਰੂਪ ਸਿੰਘ ਪੱਖੋ ਕਲਾਂ ਨੇ ਨਿਭਾਈ।

# ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥਣ ਅਮਨਦੀਪ ਕੌਰ ਨੂੰ ਮਿਲੀ ਯੂਨੀਵਰਸਿਟੀ ਆਫ਼ ਐਮਸਟਰਡਮ ਦੀ ਵੱਕਾਰੀ ਫੈਲੋਸ਼ਿਪ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਬਠਿੰਡਾ/ਪਟਿਆਲਾ, 30 ਮਾਰਚ (ਅੰਗਰੇਜ ਸਿੰਘ ਵਿੱਕੀ)- ਪੰਜਾਬੀ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗਤੋਂ ਐੱਮ.ਐੱਸ.ਸੀ. ਆਨਰਜ਼ (ਭੌਤਿਕ ਵਿਗਿਆਨ) ਭਾਗ ਦੂਜਾ ਦੀ ਵਿਦਿਆਰਥਣ ਅਮਨਦੀਪ ਕੌਰ ਨੂੰ ਯੂਨੀਵਰਸਿਟੀ ਆਫ ਐਮਸਟਰਡਮ ਵੱਲੋਂ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਹੈ। ਉਸ ਨੂੰ ਇਹ ਫੈਲੋਸ਼ਿਪ ਯੂਨੀਵਰਸਿਟੀ ਆਫ਼ ਐਮਸਟਰਡਮ, ਨੀਦਰਲੈਂਡ ਦੇ ਐਂਟਨ ਪੈਨੇਕੋਏਕ ਇੰਸਟੀਚਿਊਟ ਵਿਖੇ ਖਗੋਲ ਭੌਤਿਕ ਵਿਗਿਆਨ ਦੇ ਖੇਤਰ ਵਿੱਚ 'ਸਪੌਟਲਾਈਟ ਆਨ ਦ ਬਲੈਕ ਹੋਲ: ਰਿਫਾਇਨਡ ਮਲਟੀਵੇਵਲੈਂਥ ਅਨਲਸਿਸ' ਵਿਸ਼ੇ ਲਈ ਪ੍ਰਾਪਤ ਹੋਈ ਹੈ।

ਇਸ ਫੈਲੋਸ਼ਿਪ ਤਹਿਤ ਅਮਨਦੀਪ ਕੌਰ ਐਂਟਨ ਪੈਨੇਕੋਏਕ ਇੰਸਟੀਚਿਊਟ ਵਿਖੇ ਸਿਧਾਂਤਕ ਉੱਚ ਊਰਜਾ ਖਗੋਲ ਭੌਤਿਕ ਵਿਗਿਆਨ ਦੀ ਮਾਹਿਰ ਪ੍ਰੋ ਸੇਰਾ ਮਾਰਕੌਫ ਦੀ ਦੇਖ-ਰੇਖ ਹੇਠ 27 ਜੂਨ, 2025 ਤੋਂ 8 ਅਗਸਤ, 2025 ਤੱਕ 6 ਹਫਤਿਆਂ ਵਾਸਤੇ ਬਲੈਕ ਹੋਲ ਬਾਰੇ ਅਧਿਐਨ ਕਰੇਗੀ।

ਪ੍ਰੋ ਅਨੂਪ ਠਾਕੁਰ, ਮੁਖੀ ਭੌਤਿਕ ਵਿਗਿਆਨ ਵਿਭਾਗ ਨੇ ਦੱਸਿਆ ਕਿ ਇਸ ਵੱਕਾਰੀ ਫੈਲੋਸ਼ਿਪ ਨੂੰ ਪ੍ਰਾਪਤ ਕਰਨ ਵਾਸਤੇ ਅੰਤਰਰਾਸ਼ਟਰੀ ਪੱਧਰ 'ਤੇ ਵੱਖ-ਵੱਖ ਦੇਸ਼ਾਂ ਤੋਂ ਹਰ ਸਾਲ ਵੱਡੀ ਗਿਣਤੀ ਵਿਦਿਆਰਥੀ ਚਾਹਵਾਨ ਹੁੰਦੇ ਹਨ, ਪਰੰਤੂ ਵਿਸ਼ਵ ਪੱਧਰ 'ਤੇ ਚੋਣ ਸਿਰਫ਼ 7-8 ਵਿਦਿਆਰਥੀਆਂ ਦੀ ਹੀ ਹੁੰਦੀ ਹੈ। ਫੈਲੋਸ਼ਿਪ ਲਈ ਚੁਣੇ ਗਏ ਵਿਦਿਆਰਥੀਆਂ ਦੇ ਸਫ਼ਰੀ ਖਰਚ , ਵੀਜ਼ੇ ਅਤੇ ਰਹਿਣ ਸਹਿਣ ਦੇ ਖਰਚੇ ਦੀ ਅਦਾਇਗੀ ਸਮੇਤ ਕੁਝ ਵਾਧੂ ਵਜ਼ੀਫ਼ਾ ਰਾਸ਼ੀ ਯੂਨੀਵਰਸਿਟੀ ਆਫ ਐਮਸਟਰਡਮ ਵੱਲੋਂ ਅਦਾ ਕੀਤੀ ਜਾਂਦੀ ਹੈ। ਮੌਜੂਦਾ ਸਮੇਂ ਅਮਨਦੀਪ ਕੌਰ ਰਾਮਾਨੁਜਨ ਫੈਲੋ ਡਾ ਸ਼ੁਭਚਿੰਤਕ ਦੀ ਨਿਗਰਾਨੀ ਵਿੱਚ 'ਤਾਰਿਆਂ ਅੰਦਰ



ਵਾਪਰਨ ਵਾਲੇ ਨਿਊਕਲੀਅਰ ਵਰਤਾਰਿਆਂ' ਉੱਤੇ ਐੱਮ.ਐੱਸ.ਸੀ. ਕੋਰਸ ਦਾ ਖੋਜ ਕਾਰਜ ਕਰ ਰਹੀ ਹੈ।

ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਅਮਨਦੀਪ ਕੌਰ ਅਤੇ ਉਸਦੇ ਵਿਭਾਗ ਨੂੰ ਇਸ ਪ੍ਰਾਪਤੀ ਉੱਤੇ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ।

# ਪੰਜਾਬੀ ਯੂਨੀਵਰਸਿਟੀ ਦੀ ਇੱਕ ਖੋਜ ਰਾਹੀਂ ਇੰਟਰਨੈੱਟ ਤੋਂ ਜਾਣਕਾਰੀ ਲੱਭਣ ਨੂੰ ਬਣਾਇਆ ਗਿਆ ਬਿਹਤਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com





ਬਠਿੰਡਾ/ਪਟਿਆਲਾ, 30 ਮਾਰਚ (ਅੰਗਰੇਜ ਸਿੰਘ ਵਿੱਕੀ)- ਪੰਜਾਬੀ ਯੂਨੀਵਰਸਿਟੀ ਦੇ ਕੰਪਿਊਟਰ ਵਿਗਿਆਨ ਵਿਭਾਗ ਦੀ ਇੱਕ ਖੋਜ ਰਾਹੀਂ ਇੰਟਰਨੈੱਟ ਉੱਤੇ ਜਾਣਕਾਰੀਆਂ ਲੱਭਣ ਨਾਲ ਸਬੰਧਤ ਪ੍ਰਸ਼ਨਾਵਲੀ (ਕਿਊ.ਏ.ਐੱਸ.) ਨੂੰ ਬਿਹਤਰ ਬਣਾਉਣ ਅਤੇ ਆਟੋਮੈਟਿਕ ਢੰਗ ਨਾਲ ਤਿਆਰ ਕਰਨ ਦੇ ਢੰਗ ਲੱਭੇ ਹਨ। ਇਹ ਖੋਜ ਡਾ.ਅਮਨਦੀਪ ਵਰਮਾ ਦੀ ਨਿਗਰਾਨੀ ਹੇਠ ਖੋਜਾਰਥੀ aਗਈ।ਡਾ.ਅਮਨਦੀਪ ਵਰਮਾ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੂਗਲ ਸਮੇਤ ਵੱਖ-ਵੱਖ ਸਰਚ ਇੰਜਣਾਂ ਰਾਹੀਂ ਇੰਟਰਨੈੱਟ ਤੋਂ ਲੱਭਣ ਸਮੇਂ ਲੋੜੀਂਦੀ ਜਾਣਕਾਰੀ ਸਪਸ਼ਟ ਰੂਪ ਵਿੱਚ ਪ੍ਰਾਪਤ ਨਹੀਂ ਹੁੰਦੀ। ਸਰਚ ਇੰਜਣਾਂ ਵੱਲੋਂ ਜਾਣਕਾਰੀ ਦੇ ਸਰੋਤਾਂ ਨਾਲ ਸਬੰਧਤ ਲਿੰਕ ਹੀ ਸੁਝਾਏ ਜਾਂਦੇ ਹਨ। ਲੋੜੀਂਦੀ ਜਾਣਕਾਰੀ ਨੂੰ ਹੋਰ ਵਧੇਰੇ ਸਪਸ਼ਟਤਾ ਨਾਲ ਲੱਭੇ ਜਾਣ ਹਿਤ ਅੱਜਕਲ੍ਹ ਇੰਟਰਨੈੱਟ ਵੱਲੋਂ ਸਵਾਲ ਜਵਾਬ ਵਿਧੀ ਦਾ ਸਹਾਰਾ ਲਿਆ ਜਾਂਦਾ ਹੈ ਜਿਸ ਨੂੰ ਕੰਪਿਊਟਰ ਦੀ ਭਾਸ਼ਾ ਵਿੱਚ ਕੁਐਸ਼ਚਨ ਅੰਸਰਿੰਗ ਸਿਸਟਮ (ਕਿਊ.ਏ.ਐੱਸ.) ਕਿਹਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਵਿਸ਼ੇ ਉੱਤੇ ਜਦੋਂ ਕੋਈ ਇੰਟਰਨੈੱਟ ਉੱਤੇ ਕੁੱਝ ਜਾਣਕਾਰੀ ਲੱਭਦਾ ਹੈ ਤਾਂ ਉਸ ਨੂੰ ਲੋੜੀਂਦੀ ਜਾਣਕਾਰੀ ਬਾਰੇ ਹੋਰ ਸਪੱਸ਼ਟ ਜਾਣ ਲਈ ਉਸ ਦੇ ਸਾਹਮਣੇ ਕੁੱਝ ਸਵਾਲ-ਜਵਾਬ ਦੇ ਰੂਪ ਵਿੱਚ ਵੀ ਸਮੱਗਰੀ ਪੇਸ਼ ਹੁੰਦੀ ਹੈ। ਸਬੰਧਤ ਵਰਤੋਂਕਾਰ ਇਸ ਸਵਾਲ ਜਵਾਬ ਵਿੱਚੋਂ ਆਪਣੇ ਆਪ ਨੂੰ ਲੋੜੀਂਦੀ ਸਮੱਗਰੀ ਦੀ ਸੌਖਿਆਂ ਚੋਣ ਕਰ ਸਕਣ ਦੇ ਸਮਰੱਥ ਹੁੰਦਾ ਹੈ। ਇਹ ਸਵਾਲ ਆਮ ਬੋਲਚਾਲ ਦੀ ਭਾਸ਼ਾ ਦੇ ਨੇੜੇ ਹੁੰਦੇ ਹਨ ਤਾਂ ਕਿ ਸਬੰਧਤ ਵਿਅਕਤੀ ਨੂੰ ਲੋੜੀਂਦੀ ਜਾਣਕਾਰੀ ਬਾਰੇ ਸਹੀ ਅੰਦਾਜ਼ਾ ਲਗਾ ਕੇ ਉਸ ਨੂੰ ਸਹੀ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਤਾਜ਼ਾ ਖੋਜ ਰਾਹੀਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਅਜਿਹੇ ਸਵਾਲਾਂ ਅਤੇ ਉੱਤਰ ਦੇ ਰੂਪ ਵਿੱਚ ਲੋੜੀਂਦੀ ਸਾਰੀ ਸਮੱਗਰੀ ਦੇ ਨਿਰਮਾਣ ਸਮੇਂ ਆਉਂਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਖੋਜ ਰਾਹੀਂ ਲੱਭੀਆਂ ਵਿਧੀਆਂ ਰਾਹੀਂ ਕਿਊ.ਏ.ਐੱਸ. ਦੀ ਸਿਰਜਣਾ ਨੂੰ ਆਟੋਮੇਸ਼ਨ ਢੰਗ ਨਾਲ ਸੌਖਿਆਂ ਅਤੇ ਬਿਹਤਰ ਬਣਾਇਆ ਗਿਆ ਹੈ।ਖੋਜਾਰਥੀ ਡਾ.ਵਿਕਾਸ ਬਾਲੀ ਨੇ ਦੱਸਿਆ ਕਿ ਖੋਜ ਰਾਹੀਂ ਲੱਭੀਆਂ ਗਈਆਂ ਵਿਧੀਆਂ ਰਾਹੀਂ ਬਿਹਤਰ ਢੰਗ ਨਾਲ ਕਿਊ.ਏ.ਐੱਸ. ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਧੀਆਂ ਦੀ ਪ੍ਰਮਾਣਿਕਤਾ ਅਤੇ ਸਮਰਥਾ ਬਾਰੇ ਚੰਗੇ ਨਤੀਜੇ ਸਾਹਮਣੇ ਆਏ ਹਨ ਜਿਸ ਨਾਲ ਇੰਟਰਨੈੱਟ ਉੱਤੇ ਸਰਚ ਕਰਨ ਦੇ ਖੇਤਰ ਦੀ ਸਮਰਥਾ ਵਿੱਚ ਵਾਧਾ ਹੋ ਸਕਦਾ ਹੈ ਜਿਸ ਨਾਲ ਇੰਟਰਨੈੱਟ ਵਰਤੋਂਕਾਰਾਂ ਲਈ ਹੋਰ ਅਸਾਨੀ ਪੈਦਾ ਹੋਵੇਗੀ।ਵਾਈਸ ਚਾਂਸਲਰ ਪ੍ਰੋ.ਕਰਮਜੀਤ ਸਿੰਘ ਵੱਲੋਂ ਖੋਜਾਰਥੀ ਅਤੇ ਨਿਗਰਾਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਚੰਗੀਆਂ ਖੋਜਾਂ ਨਾਲ ਅਦਾਰੇ ਦੇ ਵੱਕਾਰ ਵਿੱਚ ਵਾਧਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਕੰਪਿਊਟਰ ਦੇ ਖੇਤਰ ਵਿੱਚ ਅਗਲੇਰੇ ਪੱਧਰ ਦੀਆਂ ਖੋਜਾਂ ਕਰਨਾ ਸਮੇਂ ਦੀ ਲੋੜ ਵੀ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

# ਦੋਸਤ....

**ਕੋਮਲ ਰਾਣੀ**
**ਬਾਬਾ ਫ਼ਰੀਦ ਕਾਲਜ ਆਫ ਐਜੂਕੇਸ਼ਨ,ਦਿਉਣ (ਬਠਿੰਡਾ),**

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ ਮੋਬਾਇਲ 98888-70822

ਤੂੰ ਦੋਸਤ ਮੇਰਾ ਖੁਦਾ ਦੇ ਨਾਂ ਵਰਗਾ,
ਤੂੰ ਦੋਸਤ ਮੇਰਾ ਪਿੱਪਲ ਦੀ ਸੰਘਣੀ ਛਾਂ ਵਰਗਾ।

ਤੂੰ ਦੋਸਤ ਮੇਰਾ ਪੋਹ ਦੀ ਧੁੱਪ ਵਰਗਾ,
ਤੂੰ ਦੋਸਤ ਮੇਰਾ ਬੋਲਦੀ ਚੁੱਪ ਵਰਗਾ।

ਤੂੰ ਦੋਸਤ ਮੇਰਾ ਬੁੱਲੇ ਦੀ ਦੁਆ ਵਰਗਾ,
ਤੂੰ ਦੋਸਤ ਮੇਰਾ ਖੁਦਾ ਦੀ ਰਜਾ ਵਰਗਾ।

ਤੂੰ ਦੋਸਤ ਮੇਰਾ ਮੰਜ਼ਿਲ ਦੀ ਰਾਹ ਵਰਗਾ,
ਤੂੰ ਦੋਸਤ ਮੇਰਾ ਨੇਕ ਸਲਾਹ ਵਰਗਾ।

ਤੂੰ ਦੋਸਤ ਮੇਰਾ ਅੰਬਰਪੁਰ ਦੇ ਕਵੀ ਵਰਗਾ,
ਤੂੰ ਦੋਸਤ ਮੇਰਾ ਅਮਨ ਦੀ ਲਿਖਤਾ ਵਰਗਾ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਪੇਸ਼ਕਸ਼ - ਅੰਗਰੇਜ਼ ਸਿੰਘ ਵਿੱਕੀ,

# ਬਾਪੂ ....




ਕੁੱਝ ਗੱਲਾਂ ਬਾਪੂ ਤੇਰੇ ਲਈ ਅੱਜ ਧੀ ਤੇਰੀ ਨੇ ਲਿਖੀਆਂ ਨੇ,
ਮੈਂ ਰੱਬ ਨੂੰ ਕਦੇ ਦੇਖਿਆ ਨਹੀਂ ਮੈਨੂੰ ਤਾਂ ਤੂੰ ਹੀ ਰੱਬ ਲੱਗਦਾ ਏ,
ਮੇਰੀ ਜ਼ਿੰਦਗੀ ਦੇ ਹਰ ਹਨੇਰੇ ਵਿਚ ਤੂੰ ਸੂਰਜ ਵਾਂਗ ਜਗਦਾ ਏ,
ਅਜ ਤੱਕ ਪੂਰਾ ਕੀਤਾ ਨਾਂ ਹੋਵੇ ਐਸਾ ਕੋਈ ਮੇਰਾ ਚਾਅ ਨਹੀਂ,
ਤੂੰ ਪੁੱਤ ਕਹਿ ਕੇ ਹੌਂਸਲਾ ਦਿੰਦਾ ਏ ਤਾਂਹੀ ਮੈਨੂੰ ਕਿਸੇ ਦੀ ਪਰਵਾਹ ਨਹੀਂ,
ਤੂੰ ਆਪ ਦੁੱਖ ਸਹਿ ਕੇ ਮੈਨੂੰ ਸੁੱਖ ਦਿੱਤਾ ਏ,
ਚਾਹੇ ਚੰਗਾ ਹੋਏ ਚਾਹੇ ਮਾੜਾ ਹਰ ਥਾਂ ਤੇ ਸਾਥ ਦਿੱਤਾ ਏ,
ਮੇਰੀ ਹਰ ਜ਼ਿੱਦ ਪੁਗਾਈ ਆ, ਮੈਨੂੰ ਪੁੱਤਾਂ ਵਾਂਗ ਰੱਖਿਆ ਏ,
ਕਿੱਦਾਂ ਕਰਾ ਬਿਆਨ ਬਾਪੂ ਤੈਨੂੰ ਜਿਹਦਾ ਨਾਂ ਤੂੰ ਲਾਡੇ ਰੱਖਿਆ ਏ।

ਹਰਮਨਦੀਪ ਕੌਰ,
ਬਾਬਾ ਫ਼ਰੀਦ ਕਾਲਜ਼ ਆਫ਼ ਐਜਕੇਸ਼ਨ ਦਿਉਣ (ਬਠਿੰਡਾ),

# ਚੰਗੀ ਸੰਗਤ ਅਤੇ ਸਮਾਜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ,

ਸਤਸੰਗਤਿ ਮਨੁੱਖ ਨੂੰ ਸਮਾਜ ਵਿੱਚ ਉੱਚਾ ਮੁਕਾਮ ਹਾਸਲ ਕਰਨ ਲਈ ਚੰਗੀ ਸੰਗਤ ਓਨੀ ਹੀ ਜ਼ਰੂਰੀ ਹੈ ਜਿੰਨੀ ਕਿ ਮਨੁੱਖ ਨੂੰ ਰਹਿਣ ਲਈ ਰੋਟੀ-ਕੱਪੜੇ ਦੀ ਲੋੜ ਹੁੰਦੀ ਹੈ। ਉਹ ਬਚਪਨ ਤੋਂ ਹੀ ਪੇਟ ਭਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਉਦੋਂ ਤੋਂ ਉਸ ਨੂੰ ਚੰਗੀ ਸੰਗਤ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਆਪਣੀ ਉਮਰ ਦੇ ਅਨੁਸਾਰ ਚੰਗੇ ਕੰਮ ਕਰ ਸਕੇ ਅਤੇ ਬੁਰੀ ਸੰਗਤ ਤੋਂ ਬਚ ਸਕੇ। ਜੇ ਉਹ ਅਜਿਹਾ ਨਹੀਂ ਕਰਦਾ, ਤਾਂ ਉਹ ਬਹੁਤ ਜਲਦੀ ਬੁਰਾ ਵਿਅਕਤੀ ਬਣ ਜਾਂਦਾ ਹੈ। ਮਾੜੇ ਬੰਦੇ ਨੂੰ ਸਮਾਜ ਵਿੱਚ ਕੋਈ ਇੱਜ਼ਤ ਨਹੀਂ ਮਿਲਦੀ। ਉਸ ਦੀ ਛੋਟੀ ਜਿਹੀ ਮਾੜੀ ਹਰਕਤ ਵੀ ਉਸ ਦੀ ਜ਼ਿੰਦਗੀ ਖਰਾਬ ਕਰ ਸਕਦੀ ਹੈ। ਇਸ ਲਈ ਹਰ ਮਨੁੱਖ ਨੂੰ ਮਾੜੀ ਸੰਗਤ ਤੋਂ ਬਚਣਾ ਚਾਹੀਦਾ ਹੈ। ਉਸ ਨੂੰ ਚੰਗੇ-ਬੁਰੇ, ਧਰਮ-ਅਧਰਮ, ਉਚ-ਨੀਚ, ਸੱਚ-ਝੂਠ ਅਤੇ ਪਾਪ-ਗੁਣਾਂ ਵਿਚੋਂ ਅਜਿਹੇ ਗੁਣ ਚੁਣਨੇ ਚਾਹੀਦੇ ਹਨ ਜਿਨ੍ਹਾਂ ਦੇ ਆਧਾਰ 'ਤੇ ਉਹ ਆਪਣਾ ਜੀਵਨ ਸਾਰਥਕ ਬਣਾ ਸਕੇ।ਇਸ ਦ੍ਰਿੜ੍ਹ ਇਰਾਦੇ ਤੋਂ ਬਾਅਦ ਉਸ ਨੂੰ ਅਟੁੱਟ ਰਫ਼ਤਾਰ ਨਾਲ ਆਪਣੇ ਮਾਰਗ 'ਤੇ ਅੱਗੇ ਵਧਦੇ ਰਹਿਣਾ ਚਾਹੀਦਾ ਹੈ। ਚੰਗੀ ਸੰਗਤ ਹੀ ਸੱਚਾ ਰਸਤਾ ਦਿਖਾਉਂਦੀ ਹੈ। ਅਤੇ ਇਸ ਨੂੰ ਮੰਨ ਕੇ ਮਨੁੱਖ ਦੇਵਤਿਆਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਸ ਮਾਰਗ 'ਤੇ ਚੱਲਣ ਵਾਲੇ ਲੋਕਾਂ ਦੇ ਸਾਹਮਣੇ ਧਰਮ ਕਦੇ ਵੀ ਰੁਕਾਵਟ ਨਹੀਂ ਬਣਦਾ। ਇਸ ਲਈ ਉਸ ਨੂੰ ਕਿਸੇ ਵੀ ਤਰ੍ਹਾਂ ਦੇ ਲਾਲਚਾਂ ਵਿਚ ਫਸ ਕੇ ਵਿਚਲਿਤ ਨਹੀਂ ਹੋਣਾ ਚਾਹੀਦਾ।ਭੈੜੀ ਸੰਗਤ ਦੇ ਕਾਰਨ ਕਾਮ, ਕ੍ਰੋਧ, ਲੋਭ, ਮੋਹ ਆਦਿ ਭੈੜੇ ਗੁਣ ਪੈਦਾ ਹੁੰਦੇ ਹਨ। ਅਤੇ ਚੰਗੀ ਸੰਗਤ ਦੇ ਰਾਹ ਤੁਰਨ ਵਾਲੇ ਇਹਨਾਂ ਸਾਰੇ ਲੋਕਾਂ ਨੂੰ ਆਪਣੇ ਵੱਲ ਖਿੱਚ ਕੇ ਆਪਣੇ ਭਰਮ ਵਿੱਚ ਫਸਾਉਣ ਦੀ ਕੋਸ਼ਿਸ਼ ਕਰਦੇ ਹਨ। ਮਹਾਬਲੀ ਭੀਸ਼ਮ, ਤੀਰਅੰਦਾਜ਼ ਦ੍ਰੋਣ ਅਤੇ ਮਹਾਰਥੀ ਵਰਗੇ ਮਹਾਨ ਪੁਰਸ਼ ਵੀ ਮਾੜੀ ਸੰਗਤ ਦੇ ਜਾਲ ਵਿੱਚ ਫਸ ਕੇ ਆਪਣੇ ਕਰਤੱਵ ਦੇ ਮਾਰਗ ਤੋਂ ਭਟਕ ਗਏ। ਅਤੇ ਉਸਦੇ ਆਦਰਸ਼ਾਂ ਦੀ ਉਲੰਘਣਾ ਕੀਤੀ ਗਈ ਸੀ। ਇਸ ਲਈ ਹਰ ਮਨੁੱਖ ਨੂੰ ਚੰਦਨ ਦੇ ਰੁੱਖ ਵਾਂਗ ਦ੍ਰਿੜ੍ਹ ਰਹਿਣਾ ਚਾਹੀਦਾ ਹੈ। ਜਿਸ ਤਰ੍ਹਾਂ ਸੱਪ ਚੰਦਨ ਦੀ ਲੱਕੜੀ 'ਤੇ ਹਰ ਵੇਲੇ ਲਪੇਟਿਆ ਰਹਿੰਦਾ ਹੈ, ਉਸ ਉਤੇ ਜ਼ਹਿਰ ਦਾ ਅਸਰ ਨਹੀਂ ਹੁੰਦਾ। ਇਸੇ ਤਰ੍ਹਾਂ ਚੰਗੀ ਸੰਗਤ ਦੇ ਰਾਹ ਤੁਰਨ ਵਾਲੇ, ਮਾੜੀ ਸੰਗਤ ਵਾਲੇ ਬੰਦੇ ਦਾ ਕੋਈ ਨੁਕਸਾਨ ਨਹੀਂ ਹੁੰਦਾ।

ਸਤਸੰਗਤਿ ਕੁੰਦਨ ਵਰਗੀ ਹੈ। ਜਿਸ ਨੂੰ ਮਿਲਣ ਨਾਲ ਕੱਚ ਵਰਗਾ ਆਦਮੀ ਵੀ ਹੀਰੇ ਵਾਂਗ ਚਮਕਦਾ ਹੈ। ਇਸ ਲਈ, ਤਰੱਕੀ ਦਾ ਇੱਕੋ ਇੱਕ ਰਸਤਾ ਚੰਗੀ ਸੰਗਤ ਹੈ।



- ਸੁਖਦੀਪ ਕੌਰ ਬਾਵਾ
ਬਾਬਾ ਫਰੀਦ ਕਾਲਜ ਆਫ ਐਜੂਕੇਸ਼ਨ ਦਿਉਣ (ਬਠਿੰਡਾ),

# ਬੇਰੁਜ਼ਗਾਰੀ ਦੀ ਸਮੱਸਿਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ

ਮੋਬਾਇਲ 98888-70822,

ਸਾਡੇ ਦੇਸ਼ ਵਿੱਚ ਬੇਰੁਜ਼ਗਾਰੀ ਦਿਨੋ-ਦਿਨ ਵਧ ਰਹੀ ਹੈ ਅਰਧ-ਬੇਰੁਜ਼ਗਾਰੀ ਵਾਲੇ ਲੋਕਾਂ ਦੀ ਗਿਣਤੀ ਵੀ ਬਹੁਤ ਹੈ। ਇਹਨਾਂ ਹਾਲਤਾਂ ਦਾ ਦੇਸ ਦੇ ਸਮਾਜਿਕ ਅਤੇ ਆਰਥਿਕ ਢਾਂਚੇ 'ਤੇ ਬਹੁਤ ਭੈੜਾ ਅਸਰ ਪੈਂਦਾ ਹੈ। ਬੇਰੁਜ਼ਗਾਰ ਮਨੁੱਖ ਸਮਾਜ ਉੱਤੇ ਬੋਝ ਬਣਦਾ ਹੈ। ਜਦੋਂ ਕਿ ਠੀਕ ਰੁਜ਼ਗਾਰ ਮਿਲਨ ਦੀ ਹਾਲਤ ਵਿੱਚ ਉਸ ਨੇ ਆਪਣਾ ਬੋਝ ਚੁੱਕਣ ਦੇ ਨਾਲ-ਨਾਲ ਦੇਸ ਦੀ ਪੈਦਾਵਾਰ ਵਿੱਚ ਵਾਧਾ ਕਰਨਾ ਹੁੰਦਾ ਹੈ। ਬੇਰੁਜ਼ਗਾਰੀ ਦੀ ਸਥਿਤੀ ਵਿੱਚ ਮਨੁੱਖ ਦੁਖੀ ਅਤੇ ਨਿਰਾਸ਼ ਹੁੰਦਾ ਹੈ। ਲੰਮੇ ਸਮੇਂ ਦੀ ਬੇਰੁਜ਼ਗਾਰੀ ਵਿੱਚ ਉਹ ਆਪਣੇ ਆਪ ਨੂੰ ਅਤੇ ਆਪਣੇ ਆਲੇ- ਦੁਆਲੇ ਨੂੰ ਨਫ਼ਰਤ ਕਰਨ ਲੱਗ ਪੈਂਦਾ ਹੈ। ਜਦੋਂ ਦੇਸ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਵਧਦੀ ਹੋਵੇ ਤਾਂ ਦੇਸ ਲਈ ਇਹ ਇੱਕ ਗੰਭੀਰ ਸਮੱਸਿਆ ਬਣ ਜਾਂਦੀ ਹੈ।

ਭਾਰਤ ਵਿੱਚ ਵਧੇਰੇ ਬੇਰੁਜ਼ਗਾਰੀ ਪੜ੍ਹੇ -ਲਿਖੇ ਲੋਕਾਂ ਵਿੱਚ ਹੈ। ਦੇਸ ਅਜ਼ਾਦ ਹੋਣ ਤੋਂ ਪਹਿਲਾਂ ਸਿੱਖਿਆ ਦੀ ਜਿਹੜੀ ਪ੍ਰਨਾਲੀ ਪ੍ਰਚਲਿਤ ਸੀ ਉਹ ਕੇਵਲ ਬਾਬੂ ਲੋਕ ਪੈਦਾ ਕਰਨ ਵਾਲੀ ਸੀ। ਅਜ਼ਾਦੀ ਪਿੱਛੋਂ ਸਿੱਖਿਆ ਦੇ ਖੇਤਰ ਵਿੱਚ ਕਾਫ਼ੀ ਤਬਦੀਲੀਆਂ ਕੀਤੀਆਂ ਗਈਆਂ ਤਾਂਜੋ ਸਿੱਖਿਆ ਦੇਸ ਦੀਆਂ ਲੋੜਾਂ ਅਨੁਸਾਰ ਹੋਵੇ। ਫਿਰ ਵੀ ਇਹ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਪੂਰੀ ਤਰ੍ਹਾਂ ਸਮਰੱਥ ਨਹੀਂ ਬਣ ਸਕੀ। ਅਜੇ ਵੀ ਬਹੁਤ ਸਾਰੇ ਲੋਕ ਕਈ-ਕਈ ਸਾਲ ਪੜ੍ਹ ਕੇ ਕਿਸੇ ਕੰਮ ਦੇ ਯੋਗ ਨਹੀਂ ਹੁੰਦੇ। ਵੱਧ ਤੋਂ ਵੱਧ ਉਹ ਦਫ਼ਤਰ ਦੇ ਬਾਬੂ ਹੀ ਬਣ ਸਕਦੇ ਹਨ। ਸਿੱਖਿਆ ਦੇ ਖੇਤਰ ਵਿੱਚ ਪਸਾਰ ਵੀ ਬਹੁਤ ਹੋਇਆ ਹੈ। ਇਸ ਲਈ ਤਕਨੀਕੀ ਸਿੱਖਿਆ ਦੇ ਖੇਤਰ ਨੂੰ ਛੱਡ ਕੇ ਬਾਕੀ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਵਿੱਚ ਬੇਰੁਜ਼ਗਾਰੀ ਜ਼ਿਆਦਾ ਹੈ। ਸਰਕਾਰ ਵੱਲੋਂ ਸਿੱਖਿਆ ਨੂੰ ਰੁਜ਼ਗਾਰ -ਮੁਲਿਕ ਬਣਾਉਣ ਦੀਆਂ ਕੋਸ਼ਿਸ਼ਾਂ ਵੀ ਹੋ ਰਹੀਆਂ ਹਨ। ਪਰ ਦੂਜੇ ਪਾਸੇ ਵੱਲੋਂ ਦਾ ਵਾਧਾ ਏਨਾ ਹੋ ਰਿਹਾ ਹੈ ਕਿ ਇਹ ਯਤਨ ਆਟੇ ਵਿੱਚ ਲੂਣ ਵਾਂਗ ਹੀ ਜਾਪਦੇ ਹਨ। ਦਿਨੋ- ਦਿਨ ਕਿੱਤਿਆਂ ਦਾ ਮਸ਼ੀਨੀਕਰਨ ਹੋ ਰਿਹਾ ਹੈ। ਇਸ ਨਾਲ ਤਕਨੀਕੀ ਸਿੱਖਿਆ ਤੋਂ ਕੋਰੇ ਲੋਕ ਬੇਰੁਜ਼ਗਾਰ ਹੁੰਦੇ ਜਾ ਰਹੇ ਹਨ। ਬਹੁਤ ਸਾਰੇ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਰੁਜ਼ਗਾਰ ਦੀ ਤਲਾਸ਼ ਵਿੱਚ ਆ ਰਹੇ ਹਨ। ਸ਼ਹਿਰਾਂ ਵਿੱਚ ਵੀ ਹਰ ਇੱਕ ਨੂੰ ਮਨਪਸੰਦ ਦਾ ਰੁਜ਼ਗਾਰ ਮਿਲਣਾ ਸੰਭਵ ਨਹੀਂ ਹੈ। ਬੇਰੁਜ਼ਗਾਰਾਂ ਵਿੱਚ ਕਾਫ਼ੀ ਗਿਣਤੀ ਫ਼ੌਜ ਵਿੱਚੋਂ ਸੇਵਾ - ਮੁਕਤ ਲੋਕਾਂ ਦੀ ਵੀ ਹੈ।ਬੇਰੁਜ਼ਗਾਰੀ ਦੀ ਸਮੱਸਿਆ ਕੇਵਲ ਭਾਰਤ ਵਿੱਚ ਹੀ ਨਹੀਂ, ਹੋਰ ਵਿਕਸਿਤ ਹੋ ਰਹੇ ਦੇਸ਼ਾਂ ਵਿੱਚ ਵੀ ਹੈ। ਇੱਥੋਂ ਤੱਕ ਕਿ ਦੁਨੀਆ ਦੇ ਖ਼ੁਸ਼ਹਾਲ ਮੰਨੇ ਜਾਂਦੇ ਦੇਸ ਅਮਰੀਕਾ ਅਤੇ ਇੰਗਲੈਂਡ ਵੀ ਇਸ ਸਮੱਸਿਆ ਨਾਲ ਦੋ-ਚਾਰ ਹੋ ਰਹੇ ਹਨ। ਭਾਰਤ ਵਿੱਚ ਇਸ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ ਕਈ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ। ਸੇਵਾ-ਮੁਕਤ ਫ਼ੌਜੀਆਂ, ਪੜ੍ਹੇ-ਲਿਖੇ ਬੇਰੁਜ਼ਗਾਰਾਂ ਆਦਿ ਨੂੰ ਕਰਜ਼ੇ ਦੇ ਕੇ ਉਹਨਾਂ ਨੂੰ ਆਪਣੇ ਕਾਰੋਬਾਰ ਖੋਲ੍ਹਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।



ਰਜਨਦੀਪ ਕੌਰ ਖਿਉਵਾਲੀ,
ਬਾਬਾ ਫ਼ਰੀਦ ਕਾਲਜ ਆਫ ਐਜੂਕੇਸ਼ਨ, ਦਿਉਣ (ਬਠਿੰਡਾ),

# ਕਿਤਾਬਾਂ ਸਾਡੀਆਂ ਹਮਸਫ਼ਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ

ਮੋਬਾਇਲ 98888-70822

ਜੀਵਨ ਵਿਚ ਚੰਗੀਆਂ ਕਿਤਾਬਾਂ ਦੀ ਮਹੱਤਤਾ ਓਨੀ ਹੀ ਹੈ, ਜਿੰਨੀ ਕਿ ਸਾਡੇ ਜੀਵਨ ਵਿਚ ਦੋਸਤਾਂ ਦੀ। ਕਿਹਾ ਜਾਂਦਾ ਹੈ ਕਿ ਕਿਤਾਬਾਂ ਸਾਡੀਆਂ ਚੰਗੀਆਂ ਦੋਸਤ ਹੁੰਦੀਆਂ ਹਨ। ਜਿਵੇਂ ਇਕ ਚੰਗਾ ਦੋਸਤ ਸਾਨੂੰ ਚੰਗੀ ਸਲਾਹ ਅਤੇ ਰਸਤਾ ਦਿਖਾਉਂਦਾ ਹੈ ਉਵੇਂ ਹੀ ਕਿਤਾਬਾਂ ਵੀ ਸਾਡਾ ਜੀਵਨ ਮਾਰਗ ਦਰਸ਼ਨ ਕਰਦੀਆਂ ਹਨ। ਸਿਰਫ ਆਪਣੇ ਕੋਰਸ ਜਾਂ ਡਿਗਰੀ ਦੀਆਂ ਕਿਤਾਬਾਂ ਪੜ੍ਹ ਲੈਣਾ ਹੀ ਕਾਫੀ ਨਹੀਂ ਹੁੰਦਾ, ਸਗੋਂ ਉਨ੍ਹਾਂ ਦੇ ਨਾਲ-ਨਾਲ ਸਾਨੂੰ ਅਜਿਹੀਆਂ ਕਿਤਾਬਾਂ ਵੀ ਪੜ੍ਹਨੀਆਂ ਚਾਹੀਦੀਆਂ ਹਨ, ਜੋ ਸਾਨੂੰ ਜੀਵਨ ਵਿਚ ਨੈਤਿਕ ਅਤੇ ਉੱਚੀ ਸੋਚ ਪ੍ਰਦਾਨ ਕਰਦੀਆਂ ਹੋਣ।ਇਨਸਾਨ ਦੀ ਸੋਚ ਦਾ ਵਿਸਥਾਰ ਤਾਂ ਹੀ ਹੋ ਸਕਦਾ ਹੈ ਜੇਕਰ ਉਹ ਦੁਜਿਆਂ ਦੀ ਸੋਚ ਨੂੰ ਵੀ ਸਮਝੇ। ਹਰ ਸਮਾਜ ਦਾ ਸੱਭਿਆਚਾਰ, ਇਤਿਹਾਸ ਅਤੇ ਰੀਤੀ-ਰਿਵਾਜ ਹੁੰਦੇ ਹਨ। ਇਹ ਸਭ ਨੂੰ ਸਮਝਣ ਲਈ ਸਾਨੂੰ ਇਤਿਹਾਸ ਬਾਰੇ ਵੀ ਜਾਣਨਾ ਪੈਂਦਾ ਹੈ। ਉਸ ਇਤਿਹਾਸ ਬਾਰੇ ਜਾਣਕਾਰੀ ਸਾਨੂੰ ਕਿਤਾਬਾਂ ਤੋਂ ਹੀ ਮਿਲ ਸਕਦੀ ਹੈ। ਅੱਜਕਲ੍ਹ ਟੈਲੀਵਿਜ਼ਨ ਅਤੇ ਇੰਟਰਨੈੱਟ ਦੀ ਵਰਤੋਂ ਨੇ ਕਿਤਾਬਾਂ ਪੜ੍ਹਨ ਦੇ ਸ਼ੌਕ ਤੇ ਕਾਫੀ ਅਸਰ ਪਾਇਆ ਹੈ। ਹਰ ਵਿਅਕਤੀ ਇਨ੍ਹਾਂ ਨੂੰ ਵਰਤ ਕੇ ਹੀ ਮਨੋਰੰਜਨ ਕਰ ਰਿਹਾ ਹੈ।ਕਾਫੀ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਸਭਜਾਣਕਾਰੀ ਜੇਕਰ ਇੰਟਰਨੈੱਟ 'ਤੇ ਉਪਲੱਬਧ ਹੈ ਤਾਂ ਕਿਤਾਬਾਂ ਕਿਉਂ ਪੜ੍ਹੀਆਂ ਜਾਣ...? ਪਰ ਅਜਿਹਾ ਵੀ ਨਹੀਂ ਹੈ ਜੇਕਰ ਸਭ ਗਿਆਨ ਇੰਟਰਨੈੱਟ ਅਤੇ ਟੈਲੀਵਿਜ਼ਨ ਤੋਂ ਪ੍ਰਾਪਤ ਹੋ ਜਾਂਦਾ ਤਾਂ ਸਕੂਲ, ਕਾਲਜ ਵਿਚ ਪੜ੍ਹਨ ਦੀ ਵੀ ਕੀ ਜ਼ਰੂਰਤ ਹੈ? ਫਿਰ ਤਾਂ ਸਕੂਲ ਵੀ ਬੰਦ ਹੋ ਜਾਣੇ ਚਾਹੀਦੇ ਹਨ ਅਤੇ ਕਾਲਜ ਵੀ ? ਇਹ ਬਿਲਕੁਲ ਠੀਕ ਗੱਲ ਹੈ ਕਿ ਬਹੁਤ ਸਾਰਾ ਗਿਆਨ ਇੰਟਰਨੈੱਟ ਤੋਂ ਸਾਨੂੰ ਪ੍ਰਾਪਤ ਹੋ ਜਾਂਦਾ ਹੈ। ਪਰ ਕਿਤਾਬਾਂ ਪੜ੍ਹਨ ਦੀ ਮਹੱਤੱਤਾ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਕਿਤਾਬਾਂ ਵਿਚ ਸਾਨੂੰ ਵਿਸ਼ੇ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਹੁੰਦੀ ਹੈ। ਕਿਤਾਬਾਂ ਪੜ੍ਹਨ ਨਾਲ ਜਿੱਥੇ ਸਾਨੂੰ ਗਿਆਨ ਮਿਲਦਾ ਹੈ, ਉਥੇ ਹੀ ਸਾਡੀ ਸੋਚਣ ਸਮਰੱਥਾ ਅਤੇ ਯਾਦਸ਼ਕਤੀ ਵਿਚ ਵਾਧਾ ਹੁੰਦਾ ਹੈ।ਕਿਤਾਬਾਂ ਪੜ੍ਹਨ ਨਾਲ ਮਾਨਸਿਕ ਤਣਾਅ ਤੋਂ ਮੁਕਤੀ ਮਿਲਦੀ ਹੈ। ਜੇਕਰ ਰਾਤ ਸਮੇਂ ਕਿਤਾਬ ਪੜ੍ਹ ਕੇ ਸੋਇਆ ਜਾਵੇ ਤਾਂ ਨੀਂਦ ਵੀ ਗਹਿਰੀ ਆਉਂਦੀ ਹੈ। ਤੁਹਾਡੇ ਸ਼ਬਦ ਭੰਡਾਰ ਵਿਚ ਵੀ ਕਿਤਾਬਾਂ ਪੜ੍ਹਨ ਨਾਲ ਹੀ ਵਾਧਾ ਹੁੰਦਾ ਹੈ ਅਤੇ ਤੁਹਾਡੇ ਵਿਚ ਬੋਲਚਾਲ ਦੀ ਕਲਾ ਦਾ ਨਿਰਮਾਣ ਹੁੰਦਾ, ਜੋ ਕਿ ਤੁਹਾਡੇ ਵਿਅਕਤੀਤਵ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ।ਵੱਖ-ਵੱਖ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਪੜ੍ਹਨ 'ਤੇ ਹੀ ਸਾਨੂੰ ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਅਤੇ ਸੁਧਾਰਾਂ ਬਾਰੇ ਪਤਾ ਲੱਗੇਗਾ। ਉਨ੍ਹਾਂ ਨੇ ਜੀਵਨ ਵਿਚ ਕੀ-ਕੀ ਸੰਘਰਸ਼ ਕੀਤੇ ਇਹ ਸਭ ਸਾਨੂੰ ਕਿਤਾਬਾਂ ਤੋਂ ਹੀ ਪਤਾ ਲੱਗੇਗਾ। ਅਕਸਰ ਹੀ ਲੋਕ ਕਿਤਾਬਾਂ ਪੜ੍ਹਨ ਨੂੰ ਸਿਰ ਖਪਾਈ ਦਾ ਨਾਂਅ ਦਿੰਦੇ ਹਨ ਜਾਂ ਕਿਤਾਬਾਂ ਪੜ੍ਹਨ ਵਾਲਿਆਂ ਨੂੰ ਕਿਤਾਬੀ ਕੀੜਾ ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। ਪਰ ਚੰਗੀ ਸੋਚ ਰੱਖਣ ਅਤੇ ਕਿਤਾਬਾਂ ਦੀ ਅਹਿਮੀਅਤ ਨੂੰ ਸਮਝਣ ਵਾਲੇ ਇਸ ਦੇ ਫਾਇਦਿਆਂ ਨੂੰ ਭਲੀ-ਭਾਂਤ ਜਾਣਦੇ ਸਨ। ਕਾਮਯਾਬ ਲੋਕਾਂ ਨੂੰ ਕਾਮਯਾਬੀ ਦਾ ਰਾਜ਼ ਕਿਥੋਂ ਮਿਲਿਆ ਜੇਕਰ ਕਿਹਾ ਜਾਵੇ ਇਸ ਵਿਚ ਕਿਤਾਬਾਂ ਦਾ ਵੀ ਬਹੁਤ ਵੱਡਾ ਯੋਗਦਾਨ ਸੀ ਤਾਂ ਮੇਰੇ ਅਨੁਸਾਰ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ। ਕਿਤਾਬਾਂ ਦੀ ਮਹਤੱਤਾ ਨੂੰ ਮਹਾਂਪੁਰਸ਼ਾਂ ਨੇ ਵੀ ਚੰਗੀ ਤਰ੍ਹਾਂ ਸਮਝਿਆ ਤਾਂ ਹੀ ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਦਾ ਅਧਿਐਨ ਕੀਤਾ। ਕਿਹਾ ਜਾਂਦਾ ਹੈ ਕਿ ਸਵਾਮੀ ਵਿਵੇਕਾਨੰਦ ਵੀ ਰੋਜ਼ਾਨਾ ਕਾਫੀ ਪੁਸਤਕਾਂ ਦਾ ਅਧਿਐਨ ਕਰਦੇ ਸਨ। ਇਸ ਲਈ ਉਹ ਲਾਇਬ੍ਰੇਰੀ ਵਿਚੋਂ ਕਾਫੀ ਪੁਸਤਕਾਂ ਲਿਆ ਕੇ ਪੜ੍ਹਦੇ ਸਨ। ਪਰ ਜਲਦੀ ਉਹ ਉਨ੍ਹਾਂ ਕਿਤਾਬਾਂ ਨੂੰ ਵਾਪਿਸ ਕਰਕੇ ਨਵੀਆਂ ਕਿਤਾਬਾਂ ਲੈਣ ਆ ਜਾਂਦੇ ਸਨ। ਇਸ ਤੋਂ ਪ੍ਰੇਸ਼ਾਨ ਹੋ ਕੇ ਲਾਇਬ੍ਰੇਰੀਅਨ ਨੇ ਸੋਚਿਆ ਕਿ ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ ? ਕੋਈ ਵਿਅਕਤੀ ਏਨੀ ਜਲਦੀ ਐਨੀਆਂ ਕਿਤਾਬਾਂ ਕਿਵੇਂ ਪੜ੍ਹ ਸਕਦਾ ਹੈ, ਜ਼ਰੂਰ ਵਿਵੇਕਾਨੰਦ ਲੋਕ ਦਿਖਾਵੇ ਲਈ,ਇਹ ਸਭ ਕਰਦੇ ਹਨ। ਇਸ ਲਈ ਉਨ੍ਹਾਂ ਨੇ ਵਿਵੇਕਾਨੰਦ ਜੀ ਨਾਲ ਗੱਲ ਕੀਤੀ। ਤਾਂ ਸਵਾਮੀ ਵਿਵੇਕਾਨੰਦ ਨੇ ਕਿਹਾ ਕਿ ਮੈਂ ਸਾਰੀਆਂ ਪੁਸਤਕਾਂ ਦਾ ਅਧਿਐਨ ਬਾਰੀਕੀ ਨਾਲ ਕਰਦਾ ਹਾਂ। ਤੁਸੀਂ ਚਾਹਵੋ ਤਾਂ ਮੇਰੀ ਪਰਖ ਕਰ ਸਕਦੇ ਹੋ।ਲਾਇਬ੍ਰੇਰੀਅਨ ਨੇ ਕੁਝ ਸਵਾਲ ਕੀਤੇ ਤਾਂ ਸਵਾਮੀ ਜੀ ਨੇ ਉਨ੍ਹਾਂ ਦੇ ਜਵਾਬ ਬਾਖੂਬੀ ਦੇ ਦਿੱਤੇ। ਇਹ ਸਭ ਦੇਖ ਉਹ ਬਹੁਤ ਹੈਰਾਨ ਹੋਏ। ਸਵਾਮੀ ਵਿਵੇਕਾਨੰਦ ਜੀ ਨੇ ਕਿਹਾ ਕਿ ਇਹ ਸਭ ਉਨ੍ਹਾਂ ਦੇ ਲੰਬੇ ਅਭਿਆਸ ਦੁਆਰਾ ਸੰਭਵ ਹੋ ਸਕਿਆ ਹੈ। ਇਸੇ ਤਰ੍ਹਾਂ ਹੀ ਡਾ: ਅੰਬੇਡਕਰ ਸਾਹਿਬ ਵੀ ਪੁਸਤਕ ਪ੍ਰੇਮੀ ਸਨ। ਉਹ ਵੀ ਉਨ੍ਹਾਂ ਵੱਖ-ਵੱਖ ਭਾਸ਼ਾਵਾਂ ਵਿਚ ਮੁਹਾਰਤ ਹਾਸਿਲ ਕੀਤੀ ਅਤੇ ਸੰਵਿਧਾਨ ਨਿਰਮਾਤਾ ਬਣੇ। ਭਗਤ ਸਿੰਘ ਨੇ ਵੀ ਆਪਣੇ ਥੋੜ੍ਹੇ ਜਿਹੇ ਜੀਵਨ ਕਾਲ ਵਿਚ ਕਾਫੀ ਪੁਸਤਕਾਂ ਦਾ ਅਧਿਐਨ ਕੀਤਾ, ਜਿਸ ਕਾਰਨ ਉਨ੍ਹਾਂ ਦੀ ਸੋਚ ਆਮ ਵਿਅਕਤੀਆਂ ਨਾਲੋਂ ਬਹੁਤ ਹੀ ਉੱਚੀ ਸੀ। ਇਹ ਉਦਾਹਰਣਾਂ ਲਿਖਣ ਦਾ ਮਕਸਦ ਹੈ ਕਿ ਜੇਕਰ ਇਨ੍ਹਾਂ ਮਹਾਂਪੁਰਸ਼ਾਂ ਦੀਆਂ ਕਿਤਾਬਾਂ ਹਮਸਫ਼ਰ ਰਹੀਆਂ ਹਨ ਤਾਂ ਸਾਨੂੰ ਕਿਤਾਬਾਂ ਪੜ੍ਹਨ ਦੀ ਜ਼ਰੂਰਤ ਕਿਉਂ ਨਹੀਂ ਹੈ। ਗਿਆਨ ਹੀ ਅਜਿਹੀ ਸ਼ਕਤੀ ਹੈ, ਜੋ ਸਾਨੂੰ ਦਲੀਲ ਨਾਲ ਗੱਲ ਕਰਨ ਦੀ ਸਮਝ ਬਖਸ਼ਦਾ ਹੈ, ਬੇਕਾਰ ਦੇ ਭਰਮਾਂ ਨੂੰ ਹਟਾਉਂਦਾ ਹੈ। ਆਓ, ਇਨ੍ਹਾਂ ਕਿਤਾਬਾਂ ਵਿਚ ਪਏ ਗਿਆਨ ਦੀ ਵਰਤੋਂ ਕਰੀਏ ਅਤੇ ਆਪਣੇ ਜੀਵਨ ਨੂੰ ਸਹੀ ਦਿਸ਼ਾ ਪ੍ਰਦਾਨ ਕਰੀਏ। ਕਿਤਾਬਾਂ ਉਪਰ ਲਗਾਇਆ ਧਨ ਅਤੇ ਸਮਾਂ ਕਦੇ ਵੀ ਖਰਾਬ ਨਹੀਂ ਹੁੰਦਾ। ਜੇਕਰ ਇਕ ਕਿਤਾਬ ਪੜ੍ਹਨ 'ਤੇ ਤੁਹਾਨੂੰ ਉਸ ਵਿਚੋਂ ਇਕ ਵੀ ਚੰਗੀ ਗੱਲ ਮਿਲ ਜਾਂਦੀ ਹੈ ਤਾਂ ਸਮਝੋ, ਉਹ ਕਿਤਾਬ ਤੁਹਾਡੇ ਲਗਾਏ ਸਮੇਂ ਅਤੇ ਪੈਸੇ ਦਾ ਮੁੱਲ ਮੋੜ ਗਈ ਹੈ।



ਇਸਤਾ ਬੱਤਰਾ,
ਬਾਬਾ ਫ਼ਰੀਦ ਕਾਲਜ਼ ਆਫ਼ ਐਜੂਕੇਸ਼ਨ ਦਿਉਣ (ਬਠਿੰਡਾ),

# ਪਿੰਡ ਕਤਪਾਲੋਂ ਵਿਖੇ ਬਣਾਇਆ ਜਾਵੇ ਤਹਿਸੀਲ ਪੱਧਰੀ ਖੇਡ ਸਟੇਡੀਅਮ - ਪਰਸ਼ੋਤਮ ਫਿਲੌਰ

## ਨੌਜਵਾਨਾਂ ਨੂੰ ਗਰਾਊਂਡਾਂ ਨਾਲ ਜੋੜਨਾ ਸਮੇ ਦੀ ਮੁੱਖ ਲੋੜ - ਸੋਢੀ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com




ਫਿਲੌਰ ਅੱਪਰਾ ਦੀਪਾ- ਅੱਜ ਪਿੰਡ ਕਤਪਾਲੋਂ ਦੇ ਮੈਂਬਰ ਪੰਚਾਇਤ ਅਤੇ ਦੁਆਬਾ ਕ੍ਰਿਕਟ ਕਮੇਟੀ ਦੇ ਪਰਸ਼ੋਤਮ ਫਿਲੌਰ ਨੇ ਪ੍ਰੈਸ ਨੂੰ ਬਿਆਨ ਦਿੰਦਿਆ ਕਿਹਾ ਹੈ ਕਿ ਨੌਜਵਾਨੀ ਲਗਾਤਾਰ ਗਲਤ ਰਾਸਤਿਆਂ ਵਿੱਚ ਗਲਤਾਨ ਹੋ ਰਹੀ ਹੈ ਇਸ ਕਰਕੇ ਨੌਜਵਾਨੀ ਨੂੰ ਬਚਾਉਣ ਲਈ ਉਹਨਾ ਨੂੰ ਚੰਗਾ ਸਭਿਆਚਾਰ, ਚੰਗਾ ਮਾਹੌਲ ਦੇਣ ਦੇਣਾ ਸਾਡੀ ਮੁੱਢਲੀ ਜਿੰਮੇਵਾਰੀ ਬਣਦੀ ਹੈ। ਨੌਜਵਾਨਾ ਜਿਹੜੇ ਅੱਜ ਗਲਤ ਰਾਸਤੇ ਅਖਤਿਆਰ ਕਰ ਚੁੱਕੇ ਨੇ ਓਹਨਾ ਨੂੰ ਵਾਪਿਸ ਮੋੜ ਕੇ ਲਿਆਉਣਾ ਅਤੇ ਉਹਨਾ ਨੂੰ ਖੇਡਾਂ ਨਾਲ ਜੋੜਨਾ ਅੱਜ ਸਮੇ ਦੀ ਮੁੱਖ ਲੋੜ ਹੈ ਅਤੇ ਸਾਡੀ ਜਿੰਮੇਵਾਰੀ ਬਣਦੀ ਹੈ। ਪਿੰਡ ਕਤਪਾਲੋਂ ਵਿਖੇ ਇਕ ਆਮ ਅਜਲਾਸ ਵਿੱਚ ਮਤਾ ਪਾਇਆ ਗਿਆ ਜਿਸ ਵਿੱਚ ਹੋਰ ਮੰਗਾਂ ਦੇ ਨਾਲ ਨਾਲ ਪਿੰਡ ਕਤਪਾਲੋਂ ਵਿੱਚ ਇਕ ਤਹਿਸੀਲ ਪੱਧਰੀ ਖੇਡ ਸਟੇਡੀਅਮ ਉਸਾਰਨ ਲਈ ਮੰਗ ਪੰਜਾਬ ਦੀ ਸਰਕਾਰ ਨੂੰ ਭੇਜੀ ਗਈ ਹੈ। ਪ੍ਰੈਸ ਨੂੰ ਬਿਆਨ ਦਿੰਦਿਆ ਸੋਢੀ ਸਿੰਘ ਕਿਹਾ ਕਿ ਪਿੰਡ ਵਿੱਚ ਤਹਿਸੀਲ ਪੱਧਰੀ ਖੇਡ ਸਟੇਡੀਅਮ ਬਣਾਉਣ ਲਈ ਸਮੁਚੀ ਪੰਚਾਇਤ ਵਲੋਂ ਹਰ ਸੰਭਵ ਯਤਨ ਕੀਤਾ ਜਾਵੇਗਾ।ਸਟੇਡੀਅਮ ਬਣਾਉਣ ਲਈ ਜਿੰਨੀ ਵੀ ਜਮੀਨ ਚਾਹੀਦੀ ਹੋਵੇਗੀ ਪੰਚਾਇਤ ਵਲੋਂ ਦਿੱਤੀ ਜਾਵੇਗੀ। ਆਉਣ ਵਾਲੇ ਸਮੇ ਵਿੱਚ ਸਮੂਹ ਪਿੰਡ ਦੇ ਨੌਜਵਾਨਾਂ ਨੂੰ ਨਾਲ ਲੈ ਕੇ ਖੇਡ ਸਟੇਡੀਅਮ ਬਣਾਉਣ ਲਈ ਆਉਣ ਵਾਲੇ ਸਮੇ ਵਿੱਚ ਖੇਡ ਮੰਤਰੀ ਨੂੰ ਮਿਲਣ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

# ਸੇਵਾ ਮੁਕਤੀ ਤੇ ਵਿਸ਼ੇਸ਼ -

## ਸ਼ਾਂਤ ਵਹਿੰਦੇ ਦਰਿਆਵਾਂ ਵਰਗੀ ਸ਼ਖਸੀਅਤ ਲੈਕਚਰਾਰ ਬਲਵੀਰ ਸਿੰਘ

ਅੰਗਰੇਜ ਸਿੰਘ ਵਿੱਕੀ,
ਪਿੰਡ+ ਡਾਕ. ਕੋਟਗੁਰੂ (ਬਠਿੰਡਾ)
ਮੋਬਾਇਲ 98888-70822

ਅਧਿਆਪਨ ਦਾ ਕਾਰਜ ਵਿਰਲੇ ਹੀ ਮਨੁੱਖਾਂ ਦੇ ਹਿੱਸੇ ਆਉਂਦਾ ਹੈ । ਕੁਦਰਤ ਉਹਨਾਂ ਤੱਕ ਵਿਧੀਵਤ ਪਹੁੰਚ ਕਰਦੀ ਹੈ । ਅੱਖਰਾਂ ਨੂੰ ਜਗਾ ਕੇ ਵਿਦਿਆਰਥੀ ਤੱਕ ਅੱਪੜਦਾ ਕਰਨਾ ਇੱਕ ਬਹੁਤ ਵੱਡੀ ਕਿਰਤ ਹੈ । ਜੋ ਮਾਸਟਰ ਬਲਵੀਰ ਸਿੰਘ ਜੀ ਨੇ ਆਪਣੇ ਜੀਵਨ ਦੌਰਾਨ ਕੀਤੀ । ਇਹ ਦੇਹਾਂ ਮਿੱਟੀ ਹੀ ਤਾਂ ਹਨ ਆਖਰ ਨੂੰ ਮਿੱਟੀ ਹੀ ਹੋਣਾ ਹੈ । ਮਿੱਟੀ ਦੀ ਮਹਿਕ ਦਾ ਰੰਗ ਲੱਭਣ ਲਈ ਕਿਰਤ ਅਤੇ ਸੰਘਰਸ਼ ਦੋਵੇਂ ਹੀ ਕਰਨੇ ਪੈਂਦੇ ਨੇ ਜੋ ਮਾਸਟਰ ਜੀ ਨੇ ਕੱਚੇ ਢਾਰਿਆਂ ਚੋਂ ਉੱਠ ਕੇ ਕੀਤੇ । ਉੱਚ ਵਿਦਿਆ ਪ੍ਰਾਪਤ ਕਰਕੇ ਵੀ ਉਹਨਾਂ ਨੇ ਮੈਂ ਨੂੰ ਹਉਮੈ ਨਹੀਂ ਬਣਨ ਦਿੱਤਾ ।

ਮਾਸਟਰ ਬਲਵੀਰ ਸਿੰਘ ਜੀ ਦਾ ਜਨਮ 18-03-1967 ਨੂੰ ਮਾਤਾ ਨਛੱਤਰ ਕੌਰ ਜੀ ਦੀ ਕੁੱਖੋਂ ਪਿਤਾ ਗੁਰਦੇਵ ਸਿੰਘ ਦੇ ਘਰ ਪਿੰਡ ਦੱਧਾਹੂਰ ਵਿਖੇ ਹੋਇਆ । ਉਹਨਾਂ ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ । ਬੀ.ਏ. ਦੀ ਪੜ੍ਹਾਈ ਸਰਕਾਰੀ ਕਾਲਜ ਮਲੇਰਕੋਟਲਾ ਤੋਂ ਕਰਨ ਉਪਰੰਤ ਐਮ.ਏ.ਇਤਿਹਾਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਤੇ ਬੀ.ਐਡ. ਦੀ ਡਿਗਰੀ ਜੀ. ਐਚ.ਜੀ.ਖਾਲਸਾ ਕਾਲਜ ਗੁਰੂਸਰ ਸੁਧਾਰ ਜ਼ਿਲ੍ਹਾ ਲੁਧਿਆਣਾ ਤੋਂ ਕੀਤੀ ।ਆਪ ਜੀ ਨੇ ਸਰਕਾਰੀ ਸੇਵਾਵਾਂ ਦੀ ਸ਼ੁਰੂਆਤ ਜਨਵਰੀ 1997 ਨੂੰ ਸਰਕਾਰੀ ਮਿਡਲ ਸਕੂਲ ਕਾਲਸਾਂ (ਲੁਧਿ:) ਤੋਂ ਬਤੌਰ ਪੰਜਾਬੀ ਮਾਸਟਰ ਕੀਤੀ । ਆਪ ਜੀ ਦਾ ਵਿਆਹ ਨਵੰਬਰ 1997 ਨੂੰ ਸ੍ਰੀਮਤੀ ਬਲਵੀਰ ਕੌਰ (ਆਰਟ ਐਂਡ ਕਰਾਫਟ ਟੀਚਰ ) ਲਿੱਤਰ ਜੋ ਉਸ ਸਮੇਂ ਸਰਕਾਰੀ ਹਾਈ ਸਕੂਲ ਬਿੰਜਲ ਵਿਖੇ ਸੇਵਾ ਨਿਭਾ ਰਹੇ ਸਨ ਨਾਲ ਹੋਇਆ। ਵਿਆਹ ਉਪਰੰਤ ਆਪ ਜੀ ਦੇ ਘਰ ਦੋ ਬੇਟੇ ਮੁਬਾਰਕ ਸਿੰਘ ਤੇ ਇਮਾਨ ਸਿੰਘ ਪੈਦਾ ਹੋਏ । ਆਪ ਜੀ ਦੇ ਦੋਵੇਂ ਲਖਤ-ਏ- ਜ਼ਿਗਰ ਅੱਜ ਕੱਲ੍ਹ ਕਨੇਡਾ ਦੇ ਸ਼ਹਿਰ ਬ੍ਰੈਂਪਟਨ ਵਿਖੇ ਪੜ੍ਹਾਈ ਪੂਰੀ ਕਰਕੇ ਸਥਾਪਿਤ ਹੋ ਚੁੱਕੇ ਨੇ । ਕੁਦਰਤ ਨੇ ਇੱਕ ਦਿਨ ਐਸਾ ਭਾਣਾ ਵਰਤਾਇਆ ਕਿ ਬਲਵੀਰ ਕੌਰ ਦੀ ਅਚਾਨਕ ਮੌਤ ਹੋ ਗਈ। ਜ਼ਿੰਦਗੀ ਨੂੰ ਸਾਵੇਂ ਰਾਹਾਂ ਤੇ ਤੋਰਨ ਲਈ ਦੂਸਰੀ ਸ਼ਾਦੀ ਸ੍ਰੀਮਤੀ ਰਜਿੰਦਰ ਕੌਰ ਪ੍ਰਾਇਮਰੀ ਅਧਿਆਪਕਾ ਬੇਟੀ ਸਰਦਾਰ ਜੱਗਾ ਸਿੰਘ ਹਥੋਆ ਨਾਲ ਹੋਈ ਜੋ ਬੜੇ ਹੀ ਮਿਲਾਪੜੇ ਤੇ ਨਿੱਗੇ ਸੁਭਾਅ ਦੇ ਮਾਲਕ ਹਨ । ਸਰਕਾਰੀ ਮਿਡਲ ਸਕੂਲ ਕਾਲਸਾਂ (ਲੁਧਿ:) ਵਿਖੇ 15 ਸਾਲ ਦੀ ਸੇਵਾ ਉਪਰੰਤ ਆਪ ਜੀ ਜੂਨ 2012 ਨੂੰ ਬਤੌਰ ਲੈਕਚਰਾਰ ਇਤਿਹਾਸ ਪਦ ਉੱਨਤ ਹੋਏ । ਪਦ ਉੱਨਤ ਹੋਣ ਉਪਰੰਤ ਥੋੜਾ



ਮਾਸਟਰ ਬਲਵੀਰ ਸਿੰਘ

ਸਮਾਂ ਸਰਕਾਰੀ ਸੀਨੀਅਰ ਸਕੰਡਰੀ ਸਕੂਲ ਕਾਲਖ ਵਿਖੇ ਹਾਜ਼ਰ ਹੋਏ । ਇਸ ਤੋਂ ਬਾਅਦ ਜੂਨ 2012 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੀਰ ਸਾਹਿਬ ਲਿੱਤਰ ਜ਼ਿਲ੍ਹਾ ਲੁਧਿਆਣਾ ਵਿਖੇ ਹਾਜ਼ਰ ਹੋਏ । ਜਿੱਥੇ ਆਪ ਲਗਭਗ 13 ਸਾਲ ਇਸੇ ਸਕੂਲ ਵਿੱਚ ਲੈਕਚਰਾਰ ਇਤਿਹਾਸ ਦੀ ਬੇਦਾਗ ਸੇਵਾ ਨਿਭਾਉਣ ਉਪਰੰਤ 31-03-2025 ਨੂੰ ਸੇਵਾ ਮੁਕਤ ਹੋ ਰਹੇ ਹਨ । ਸਿੱਖਿਆ ਖੇਤਰ ਵਿੱਚ ਆਪ ਜੀ ਦੁਆਰਾ ਪਾਏ ਵਡਮੁੱਲੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ । ਬਹੁਤ ਸਾਰੇ ਬੱਚਿਆਂ ਨੂੰ ਮੁਫਤ ਟਿਊਸ਼ਨ ਪੜ੍ਹਾਈ ਅਤੇ ਗੁਰਮਤ ਦੇ ‘ਰਾਹ ਦਸੇਰਾ ਬਣਾਇਆ ।’ਵਿਦਿਆਰਥੀਆਂ ਨੂੰ ਅੱਖਰ ਗਿਆਨ ਤੋਂ ਅਗਾਂਹ ਸਮਝਾਇਆ ਕਿ ‘ਊੜਾ’ ਸਿਰਫ਼ ਊਠ ਹੀ ਨਹੀਂ ਸਗੋਂ ਹੋਰ ਵੀ ਬਹੁਤ ਕੁਝ ਹੁੰਦਾ ਹੈ । ਉਹਨਾਂ ਦੇ ਸਿਖਾਂਦਰੂ ਅੱਜ ਬਹੁਤ ਸਾਰੇ ਉੱਚ ਅਹੁਦਿਆਂ ਤੇ ਸੇਵਾਵਾਂ ਨਿਭਾ ਰਹੇ ਨੇ । ਉਹਨਾਂ ਜ਼ਿੰਦਗੀ ਚ ਬਹੁਤ ਉਤਰਾ ਚੜ੍ਹਾ ਦੇਖੇ । ਭਾਵੇਂ ਉਹ ਪਿੰਡ ਤੋਂ ਸ਼ਹਿਰ ਪੱਕੇ ਤੌਰ ਤੇ ਚਲੇ ਗਏ ਪਰ ਅੱਜ ਵੀ ਉਹਨਾਂ ਦੇਭ ਮਨ ਮਸਤਕ ਵਿੱਚ ਪਿੰਡ ਵਸਿਆ ਹੋਇਆ ਹੈ । ਪਿੰਡ ਦੀ ‘ਮਿੱਟੀ ਦਾ ਮੋਹ’ਹਰ ਇਕ ਦੇ ਦੁੱਖ ਸੁੱਖ ਵਿੱਚ ਸ਼ਾਮਿਲ ਹੋਣ ਨੂੰ ਉਹ ਆਪਣਾ ਫਰਜ਼ ਸਮਝਦੇ ਨੇ । ਉਨਾਂ ਦੇ ਸੁਭਾਅ ‘ਚ ਚੰਦਨ ਦੀ ਤਾਸੀਰ ਹੈ । ਉਹ ਪੇਚਾਂ ਵਾਲੇ ਇਨਸਾਨ ਨਹੀਂ। ਉਹਨਾਂ ਦਾ ਆਪਣੇ ਹਿੱਸੇ ਆਈ ਜ਼ਿੰਦਗੀ ਦਾ ਹਰ ਪਲ ਕੁਦਰਤ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ । ਜਿੱਥੇ ਉਹ ਉੱਚ ਕੋਟੀ ਦੇ ਬੁਲਾਰੇ ਨੇ ਉਥੇ ਹੀ ਉਹ ਨਵੇਂ ਸਿਖਾਂਦਰੂਆਂ ਨੂੰ ਹੱਲਾਸ਼ੇਰੀ ਦੇ ਕੇ ਅੱਗੇ ਵਧਣ ਦਾ ਸੰਦੇਸ਼ ਦਿੰਦੇ ਨੇ ।ਅਧਿਆਪਕ ਖੁੱਲ੍ਹੀ ਕਿਤਾਬ ਵਰਗਾ ਹੀ ਤਾਂ ਹੁੰਦਾ ਹੈ। ਬਹੁਤੇ ਉਹਤੋਂ ਪੜ੍ਹਦੇ ਨੇ, ਬਹੁਤੇ ਉਸ ਨੂੰ ਪੜ੍ਹਦੇ ਨੇ । ਸਮਾਜ ਲਈ ਮਾਰਗ ਦਰਸ਼ਕ ਹੋ ਨਿਬੜਦੇ ਨੇ । ਅਜਿਹੇ ਇਨਸਾਨ ਜੋ ਨਿੱਜ ਤੋਂ ਉੱਪਰ ਉੱਠ ਕੇ ਅਵਾਮ ਲਈ ਜਿਉਂਦੇ ਨੇ । ਅਧਿਆਪਕ ਸੱਚਮੁੱਚ ਇੱਕ ਸ਼ੀਸ਼ਾ ਹੀ ਤਾਂ ਹੁੰਦਾ ਹੈ ਜਿਸ ਵਿੱਚ ਵਿਦਿਆਰਥੀ ਆਪਣਾ ਚਿਹਰਾ ਦੇਖਕੇ ਮੂੰਹ ਮੁਹਾਂਦਰਾ ਸਵਾਰਦੇ ਹਨ । ਲੈਕਚਰਾਰ ਬਲਵੀਰ ਸਿੰਘ ਨੇ ਜਿੱਥੇ ਦੁਨਿਆਵੀ ਗਿਆਨ ਪ੍ਰਾਪਤ ਕੀਤਾ ਉੱਥੇ ਹੀ ਰੂਹਾਨੀ ਗਿਆਨ ਨੂੰ ਵੀ ਤਰਜ਼ੀਹ ਦਿੱਤੀ । ਗੁਰਮਤਿ ਅਨੁਸਾਰ ਚੱਲਣ ਲਈ ਸੂਝਬੂਝ ਤੇ ਸਾਬਤ ਸੂਰਤ ਰਹਿਣੀ ਬਹਿਣੀ ਸਿੱਖ ਇਤਿਹਾਸ ਦੀ ਡੂੰਘੀ ਸਮਝ ਅਤੇ ਪਕੜ ਉਹਨਾਂ ਦੇ ਵਡਮੁੱਲੇ ਗੁਣ ਨੇ।ਅੱਜ 31 ਮਾਰਚ 2025 ਨੂੰ ਉਹਨਾਂ ਦੀ ਸੇਵਾ ਮੁਕਤੀ ਤੇ ਜਿੱਥੇ ਉਹਨਾਂ ਨੂੰ ਸਿੱਖਿਆ ਵਿਭਾਗ ਵਿਦਾਇਗੀ ਦੇ ਰਿਹਾ ਨਾਲ ਹੀ ਸਮੁੱਚਾ ਇਲਾਕਾ ਉਹਨਾਂ ਦੀਆਂ ਬੇਦਾਗ ਸੇਵਾਵਾਂ ਪ੍ਰਤੀ ਮਾਨ ਮਹਿਸੂਸ ਕਰ ਰਿਹਾ ਹੈ । ਕੁਦਰਤ ਉਹਨਾਂ ਨੂੰ ਸਿਹਤਮੰਦ ਜੀਵਨ ਅਤੇ ਸਮਾਜ ਦੇ ਕੰਮ ਆਉਣ ਦਾ ਬਲ ਬਖਸ਼ੇ ।

# ਜ਼ਿਲ੍ਹੇ ਦੇ 466 ਪਿੰਡਾਂ ਵਿਚ ਗ੍ਰਾਮ ਸਭਾਵਾਂ ਦੇ ਵਿਸ਼ੇਸ਼ ਆਮ ਇਜਲਾਸ ਸ਼ੁਰੂ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ‘ਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਵੱਲੋਂ ਅੱਜ ਤੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ 5 ਬਲਾਕਾਂ (ਨਵਾਂਸ਼ਹਿਰ, ਬਲਾਚੌਰ, ਬੰਗਾ, ਔੜ ਅਤੇ ਸੜੋਆ) ਦੇ 466 ਪਿੰਡਾਂ ਵਿਚ ਗ੍ਰਾਮ ਸਭਾਵਾਂ ਦੇ ਦੋ ਰੋਜ਼ਾ ਵਿਸ਼ੇਸ਼ ਆਮ ਇਜਲਾਸ ਸ਼ੁਰੂ ਕੀਤੇ ਗਏ ਹਨ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ 29 ਅਤੇ 30 ਮਾਰਚ ਨੂੰ ਕਰਵਾਏ ਜਾ ਰਹੇ ਇਨ੍ਹਾਂ ਆਮ ਇਜਲਾਸਾਂ ਵਿਚ ਪਿੰਡਾਂ ਦੇ ਬਹੁਪੱਖੀ ਵਿਕਾਸ ਲਈ ਪਿੰਡਾਂ ਵਿਚ ਖੇਡ ਮੈਦਾਨਾਂ ਦੀ ਉਸਾਰੀ, ਪਾਰਕਾਂ ਦੀ ਉਸਾਰੀ, ਛੱਪੜਾਂ ਦਾ ਨਵੀਨੀਕਰਨ, ਠੋਸ ਕੂੜਾ ਪ੍ਰਬੰਧਨ ਪ੍ਰੋਜੈਕਟ, ਗੰਦੇ ਪਾਣੀ ਦੇ ਨਿਕਾਸ ਸਬੰਧੀ ਪ੍ਰੋਜੈਕਟ, ਪਿੰਡਾ ਵਿਚ ਬਿਲਡਿੰਗਾਂ ਅਤੇ ਦੁਕਾਨਾਂ ਦਾ ਨਿਰਮਾਣ, ਸਾਂਝੇ ਪਖਾਨਿਆਂ ਦਾ ਨਿਰਮਾਣ, ਲਾਇਬ੍ਰੇਰੀਆਂ ਦੇ ਨਿਰਮਾਣ, ਪੰਚਾਇਤ ਘਰਾਂ ਦਾ ਨਿਰਮਾਣ, ਆਂਗਨਵਾੜੀ ਸੈਂਟਰਾਂ ਦਾ ਨਿਰਮਾਣ ਅਤੇ ਪਲਾਂਟੇਸ਼ਨ ਦੇ ਕੰਮਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ, ਤਾਂ ਜੋ ਇਹ ਕੰਮ 1 ਅਪ੍ਰੈਲ 2025 ਤੋਂ ਸ਼ੁਰੂ ਕਰਵਾਏ ਜਾ ਸਕਣ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਦੱਸਿਆ ਕਿ ਇਹਨਾਂ ਆਮ ਇਜਲਾਸਾਂ ਵਿਚ ਗ੍ਰਾਮ ਪੰਚਾਇਤਾਂ ਵੱਲੋਂ ਆਉਂਦੇ ਵਿੱਤੀ ਵਰੇ ਦੌਰਾਨ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਜਾਣੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਆਮ ਇਜਲਾਸਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪੇਂਡੂ ਵਿਕਾਸ



ਅਤੇ ਪੰਚਾਇਤ ਵਿਭਾਗ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਤਾਇਨਾਤੀ ਗਈ ਹੈ। ਇਸ ਤੋਂ ਇਲਾਵਾ ਪਿੰਡਾਂ ਨਾਲ ਸਬੰਧਿਤ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਵੀ ਵਿਭਾਗਾਂ ਦੀਆਂ ਚੱਲ ਰਹੀਆਂ ਸਕੀਮਾਂ ਸਬੰਧੀ ਜਾਣਕਾਰੀ ਦੇ ਰਹੇ ਹਨ।

# 28 ਮਾਰਚ ਦੇ ਪੇਪਰ ਵਿੱਚ ਐਸਸੀ ਬੀਸੀ ਇੰਪਲਾਈ ਫੈਡਰੇਸ਼ਨ ਦਾ ਜਿੱਲ੍ਹਾ ਪ੍ਰਧਾਨ ਲਾਉਣ ਸਬੰਧੀ ਖਬਰ ਦੀ ਦਰੁਸਤੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

28 ਮਾਰਚ ਦੇ ਇਸ ਪੇਪਰ ਵਿੱਚ ਖਬਰ ਲੱਗੀ ਸੀ ਕਿ,” ਅੱਜ ਕੋਚ ਸ਼੍ਰੀ ਗੁਰਪਾਲ ਸਿੰਘ ਸੋਨੀ ਨੂੰ ਸ. ਅਮਰੀਕ ਸਿੰਘ ਬੰਗੜ ਨੇਤਾ ਆਮ ਆਦਮੀ ਪਾਰਟੀ ਦੁਆਰਾ ਐਸਸੀ ਬੀਸੀ ਇੰਮਪਲਾਈ ਫੈਡਰੇਸ਼ਨ ਜਿਲ੍ਹਾ ਪਟਿਆਲਾ ਦਾ ਪ੍ਰਧਾਨ ਲਗਾਇਆ ਗਿਆ”।

ਇਹ ਖਬਰ ਫੋਨ ਰਾਹੀਂ ਕੋਚ ਸਰਦਾਰ ਗੁਰਪਾਲ ਸਿੰਘ ਦੇ ਦਆਰਾ ਦੱਸੀ ਗਈ ਸੀ, ਜਿਸ ਤੇ ਉਸ ਨੂੰ ਸਾਡੇ ਵੱਲੋ ਮੁਬਾਰਕਬਾਦ ਵੀ ਦਿੱਤੀ ਗਈ ਸੀ।

ਲੇਟ ਨਾਈਟ ਫੋਟੋ ਭੇਜੀ ਗਈ ਅਤੇ ਖਬਰ ਦੱਸੀ ਗਈ, ਜਿਸ ਵਿੱਚ ਸਣਨ ਸਮਝਣ ਵਿੱਚ ਗਲਤੀਆਂ ਹੋਣਾ ਦੇ ਅਸਾਰ ਵਧ ਜਾਂਦੇ ਹਨ। ਦਸਣ ਅਨੁਸਾਰ ਦਰੁਸਤ ਖਬਰ ਇਹ ਸੀ,

**ਅੱਜ ਕੋਚ ਸ਼੍ਰੀ ਗੁਰਪਾਲ ਸਿੰਘ ਸੋਨੀ ਨੂੰ ਜਿਸ ਮੀਟਿੰਗ ਵਿੱਚ ਪ੍ਰਧਾਨਗੀ ਦਾ ਔਹਦਾ ਦਿੱਤਾ ਗਿਆ ਸੀ ਉਸ ਮੀਟਿੰਗ ਵਿੱਚ ਇਸ ਸਮੇਂ ਫੈਡਰੇਸਨ ਦੇ ਸਾਬਕਾ ਪ੍ਰਧਾਨ ਸ. ਅਮਰੀਕ ਸਿੰਘ ਬੰਗੜ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਸੀ ਜੋ ਕਿ ਫੋਟੋ ਵਿੱਚ ਦਿਖਾਈ ਵੀ ਦੇ ਰਹੇ ਹਨ**

ਵੈਸੇ ਵੀ ਉਹ ਫੈਡਰੇਸ਼ਨ ਦੇ ਕਿਸੇ ਕੰਮ ਵਿੱਚ ਦਖਲ ਨਹੀਂ ਦਿੰਦੇ। ਇਹ ਖਬਰ ਰਾਤ ਸਮੇਂ ਫੋਟ ਉੱਤੇ ਦੇਣ ਸਮੇਂ ਸਮਝਣ ਵਿੱਚ ਸਾਡੇ ਕੋਲੋਂ ਗਲਤੀ ਹੋਈ ਹੈ, ਜਿਸ



ਅੱਜ ਕੋਚ ਸ਼੍ਰੀ ਗੁਰਪਾਲ ਸਿੰਘ ਸੋਨੀ ਨੂੰ ਸ. ਅਮਰੀਕ ਸਿੰਘ ਬੰਗੜ ਨੇਤਾ ਆਮ ਆਦਮੀ ਪਾਰਟੀ ਦੁਆਰਾ ਐਸਸੀ ਬੀਸੀ ਇੰਮਪਲਾਈ ਫੈਡਰੇਸ਼ਨ ਜਿਲ੍ਹਾ ਪਟਿਆਲਾ ਦਾ ਪ੍ਰਧਾਨ ਲਗਾਇਆ ਗਿਆ

ਦੀ ਅਦਾਰਾ ਨਿਮਰਤਾ ਸਹਿਤ ਗੁਪਾਲ ਸਿੰਘ ਜੋ ਹੋਰ ਹਰ ਉਸ ਸਖਸ਼ ਤੋਂ ਮੁਆਫੀ ਮੰਗਦਾ ਹੈ ਜਿਸ ਨੂੰ ਇਸ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ।

ਇਸ ਤੋਂ ਇਲਾਵਾ ਅਦਾਰਾ ਸਭ ਨੂੰ ਬੇਨਤੀ ਕਰਦਾ ਹੈ, ਖਬਰ ਲਵਾਉਣ ਲਈ ਪੂਰਾ ਮੈਟਰ ਟਾਈਪ ਕਰਕੇ ਹੀ ਭੇਜਿਆ ਜਾਵੇ ਜੀ।

# ਯੂਟਿਊਬਰ ਦੇ ਘਰ ‘ਤੇ ਹਮਲਾ: ਪੰਜਾਬ ਪੁਲਿਸ ਨੇ ਚੰਡੀਗੜ੍ਹ ਹਵਾਈ ਅੱਡੇ ਤੋਂ 7ਵੇਂ ਦੋਸ਼ੀ ਨੂੰ ਕੀਤਾ ਗ੍ਰਿਫ਼ਤਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਇੱਕ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਪੰਜਾਬ ਪੁਲਿਸ ਨੇ ਜਲੰਧਰ ਵਿੱਚ ਯੂਟਿਊਬਰ ਦੇ ਘਰ ‘ਤੇ



ਹੋਏ ਹਮਲੇ ਦੇ ਮਾਮਲੇ ਵਿੱਚ ਇੱਕ ਹੋਰ ਗ੍ਰਿਫ਼ਤਾਰੀ ਕੀਤੀ ਹੈ, ਜਿਸ ਨਾਲ ਇਸ ਮਾਮਲੇ ਵਿੱਚ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ ਸੱਤ ਹੋ ਗਈ ਹੈ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਭਰੋਸੇਯੋਗ ਖੁਫੀਆ ਜਾਣਕਾਰੀ ‘ਤੇ ਕਾਰਵਾਈ ਕਰਦਿਆਂ, ਜਲੰਧਰ ਦਿਹਾਤੀ ਪੁਲਿਸ ਨੇ

ਬਾਕੀ ਦੀ ਖਬਰ ਸਫਾ 12 ਤੇ

# “ ਸਰਹੱਦਾਂ” (ਤਰਸੇਮ ਸਿੰਘ ਬੁੱਟਰ)

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

“ਸਰਹੱਦਾਂ” ਬਹੁਪੱਖੀ ਕਲਾਵਾਂ ਦੇ ਸੁਮੇਲ ਤਰਸੇਮ ਸਿੰਘ ਬੁੱਟਰ ਦੀ ਲਿਖੀ ਹੋਈ ਪਹਿਲੀ ਕਿਤਾਬ ਹੈ। ਤਰਸੇਮ ਸਿੰਘ ਬੁੱਟਰ ਦੇ ਅਨੇਕਾਂ ਹੀ ਜਾਣਕਾਰੀ ਭਰਪੂਰ ਲੇਖ ਵੀ ਨਾਮਵਰ ਪੰਜਾਬੀ ਅਖ਼ਬਾਰਾਂ ਵਿੱਚ ਸਮੇਂ ਸਮੇਂ ਤੇ ਅਕਸਰ ਹੀ ਛਪਦੇ ਰਹਿੰਦੇ ਹਨ। ਇਹ ਪਹਿਲੀ ਕਿਤਾਬ ਤਰਸੇਮ ਸਿੰਘ ਬੁੱਟਰ ਵੱਲੋਂ ਲਿਖੀਆਂ ਕਵਿਤਾਵਾਂ ਅਤੇ ਗੀਤਾਂ ਦਾ ਸੰਗ੍ਰਿਹ ਹੈ। ਕਿਤਾਬ




ਵਿਚਲੀਆਂ ਆਪਣੀਆਂ ਲਿਖਤਾਂ ਰਾਹੀਂ ਤਰਸੇਮ ਸਿੰਘ ਬੁੱਟਰ ਨੇ ਸਮਾਜ ਦੇ ਹਰ ਵਿਸ਼ੇ ਨੂੰ ਛੂਹਣ ਦੀ ਕੋਸ਼ਿਸ ਕੀਤੀ ਹੈ। ਇਹ ਕਿਤਾਬ ਮਿਸਟਰ ਸਿੰਘ ਪਬਲੀਕੇਸ਼ਨ ਤਲਵੰਡੀ ਸਾਬੋ (ਬਠਿੰਡਾ), ਵੱਲੋਂ ਛਾਪੀ ਗਈ ਹੈ। ਕਿਤਾਬ ਦੇ ਪੰਨਿਆਂ ਦੀ ਬਣਤਰ ਲਵਪ੍ਰੀਤ ਸਿੰਘ ਗਿਆਨਾ ਵੱਲੋਂ ਬਹੁਤ ਹੀ ਸੁੰਦਰ ਢੰਗ ਨਾਲ ਕੀਤੀ ਗਈ ਹੈ। ਕਿਤਾਬ ਦਾ ਮੁੱਖ ਬੰਦ ਸੁਖਮਿੰਦਰ ਸਿੰਘ ਭਾਗੀਵਾਂਦਰ (ਪ੍ਰਧਾਨ, ਸ਼੍ਰੀ ਦਮਦਮਾ ਸਾਹਿਬ ਸਾਹਿਤ ਸਭਾ), ਤਲਵੰਡੀ ਸਾਬੋ ਵੱਲੋਂ ਬਹੁਤ ਹੀ ਸੋਹਣਾ ਲਿਖਿਆ ਗਿਆ ਹੈ। ਅੰਤ ਵਿੱਚ ਮੁੱਕਦੀ ਗੱਲ ਇਹੀ ਕਹਿਣਾ ਮੁਨਾਸਿਬ ਲੱਗਦਾ ਹੈ ਕਿ, “ਸਰਹੱਦਾਂ” ਕਿਤਾਬ ਨੂੰ ਪੜ੍ਹ ਕੇ ਬਹੁਤ ਵੱਡਮੁੱਲੀ ਜਾਣਕਾਰੀ ਝੋਲੀ ਵਿੱਚ ਪੈਂਦੀ ਹੈ।

ਅੰਗਰੇਜ ਸਿੰਘ ਵਿੱਕੀ,
ਪਿੰਡ + ਡਾਕ. ਕੋਟਗੁਰੂ (ਬਠਿੰਡਾ),
ਮੋਬਾਇਲ 98888-70822,

# ਸਗਰੈਜੂਏਸ਼ਨ ਸੈਰੇਮਨੀ ਅਤੇ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com



ਮਾਨਸਾ 30 ਮਾਰਚ (ਆਤਮਾ ਸਿੰਘ ਪਮਾਰ) ਪੰਜਾਬ ਸਰਕਾਰ ਅਤੇ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਗ੍ਰੈਜੂਏਸ਼ਨ ਸੈਰਮਨੀਆਂ ਅਤੇ ਸਰਾਨਾ ਇਨਾਮ ਵੰਡ ਸਮਾਰੋਹ ਕਰਵਾਏ ਜਾਣੇ ਸਨ। ਇਸੇ ਲੜੀ ਤਹਿਤ ਭੁਪਿੰਦਰ ਕੌਰ ਜਿਲ੍ਹਾ ਸਿੱਖਿਆ ਅਫ਼ਸਰ ਪ੍ਰਇਮਰੀ ਮਾਨਸਾ, ਸਤਪਾਲ ਸ਼ਰਮਾ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਮਾਨਸਾ ਦੀ ਅਗਵਾਈ ਵਿੱਚ ਅਤੇ ਸਕੂਲ ਮੁੱਖੀ ਬਲਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ ਵਿਖੇ ਗ੍ਰੈਜੂਏਸ਼ਨ ਸੈਰੇਮਨੀ ਅਤੇ ਸਲਾਨਾ ਇਨਾਮ ਵੰਡ ਸਾਦੇ ਅਤੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਰਵਾਇਆ ਗਿਆ । ਅਧਿਆਪਕ ਸੁਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਵਿੱਚ ਬੱਚਿਆਂ ਦੁਆਰਾ ਹੱਥੀ ਤਿਆਰ ਕੀਤੇ ਗਏ ਮਟੀਰੀਅਲ ਦੀ ਪ੍ਰਦਰਸ਼ਨੀ ਅਤੇ ਵੱਖ ਵੱਖ ਸਟਾਲਾਂ ਲਗਾਈਆਂ ਗਈਆਂ ।ਬੱਚਿਆਂ ਨੇ ਵੱਖ ਵੱਖ ਸੱਭਿਆਚਾਰਕ ਗਤੀਵਿਧੀਆਂ ਕਵਿਤਾ, ਗੀਤ ,ਭਾਸ਼ਣ ਆਦਿ ਨੇ ਮਾਪਿਆਂ ਦੇ ਮਨ ਮੋਹ ਲਏ। ਇਸ ਸਮੇਂ ਬੋਲਦਿਆਂ ਅਧਿਆਪਕ ਅਸ਼ਵਿੰਦਰ ਸਿੰਘ ਨੇ ਮਾਪਿਆਂ ਨੂੰ ਸਰਕਾਰ ਅਤੇ ਸਿੱਖਿਆ ਵਿਭਾਗ ਦੁਆਰਾ ਦਿੱਤੀਆਂ ਜਾ ਰਹੀਆਂ ਵੱਧ ਤੋਂ ਵੱਧ ਸਕੀਮਾਂ ਦਾ ਲਾਹਾ ਲੈਣ ਲਈ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਲਾਉਣ ਲਈ ਮਾਪਿਆਂ ਨੂੰ ਪ੍ਰੇਰਿਤ ਕੀਤਾ। ਸਕੂਲ ਮੈਨੇਜਮੈਂਟ ਕਮੇਟੀ ਦੇ ਉਪ ਚੇਅਰਮੈਨ ਹਰਦੇਵ ਸਿੰਘ ਨੇ ਬੋਲਦਿਆਂ ਹੋਇਆਂ ਹਾਜ਼ਰ ਮਾਪਿਆਂ ਨੂੰ ਦੱਸਿਆ ਉਹ ਸਥਾਨਕ ਸਕੂਲ ਦੀ ਪੜ੍ਹਾਈ ਤੋਂ ਬਹੁਤ ਸੰਤੁਸ਼ਟ ਹਨ । ਉਹਨਾਂ ਨੂੰ ਵੀ ਵੱਧ ਤੋਂ ਵੱਧ ਆਪਣੇ ਬੱਚੇ ਸਰਕਾਰੀ ਸਕੂਲ ਵਿੱਚ ਲਾਉਣ ਲਈ ਆਪਣੇ ਭਾਸ਼ਣ ਦੌਰਾਨ ਬੋਲਦਿਆਂ ਕਿਹਾ ਕਿ ਉਹਨਾਂ ਨੂੰ ਮਾਣ ਹੈ ਕਿ ਉਹਨਾਂ ਦੇ ਤਿੰਨੇ ਬੱਚੇ ਸਥਾਨਕ ਸਕੂਲ ਵਿੱਚ ਪੜ੍ਹ ਕੇ ਪਿੰਡ ਅਤੇ ਮਾਪਿਆਂ ਦਾ ਨਾਮ ਚਮਕਾ ਰਹੇ ਹਨ ।ਇਸ ਦੌਰਾਨ ਵੱਖ ਵੱਖ ਕਲਾਸਾਂ ਵਿੱਚੋਂ ਮੋਹਰੀ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਅਤੇ ਵੱਖ ਵੱਖ ਖੇਤਰਾਂ ਵਿੱਚ ਨਮਾਣਾ ਖੱਟਣ ਵਾਲੇ ਵਿਦਿਆਰਥੀਆਂ ਦਾ ਗੁਰਦੁਆਰਾ ਕਮੇਟੀ ਦੇ ਮੈਂਬਰ ਅਜੈਬ ਸਿੰਘ, ਚੇਅਰਮੈਨ ਗੁਰਸੇਵਕ ਸਿੰਘ, ਅੰਮ੍ਰਿਤਪਾਲ ਕੌਰ ਅਤੇ ਸਮੁੱਚੇ ਸਟਾਫ ਵੱਲੋਂ ਸਨਮਾਨ ਵੀ ਕੀਤਾ ਗਿਆ। ਅਧਿਆਪਕ ਗੁਰਦੀਪ ਸਿੰਘ ਅਤੇ ਅਵਤਾਰ ਸਿੰਘ ਦੁਆਰਾ ਬੱਚਿਆਂ ਦੇ ਮਾਪਿਆਂ ਨੂੰ ਮੁਲਾਂਕਣ ਸਬੰਧੀ ਜਾਣਕਾਰੀ ਦਿੱਤੀ ਗਈ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਕੁੱਕ ਵੀਰਪਾਲ ਕੌਰ ਚਰਨਜੀਤ ਕੌਰ, ਸੈਨੀਟੇਸ਼ਨ ਵਰਕਰ ਮਨਜੀਤ ਕੌਰ, ਆਂਗਨਵਾੜੀ ਸਹਾਇਕ ਗੀਤਾ ਰਾਣੀ ਕੌਰ ਅਤੇ ਕਿਰਨਦੀਪ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਸਮੇਂ ਆਂਗਨਵਾੜੀ ਸਟਾਫ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਵਿਦਿਆਰਥੀ ਅਤੇ ਬੱਚਿਆਂ ਦੇ ਮਾਪੇ ਵੀ ਸ਼ਾਮਲ ਸਨ।

# ਬੱਚੇ, ਬਜ਼ੁਰਗ, ਔਰਤਾਂ ਅਤੇ ਨੌਜਵਾਨ ਪੀੜ੍ਹੀ ਮੋਬਾਇਲ ਫੋਨਾਂ ਦੇ ਨਸ਼ੇ ਦੀ ਆਦੀ ਹੋ ਗਈ : ਜੈਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com



ਜ਼ੀਰਾ 30 ਮਾਰਚ ( ਅੰਗਰੇਜ਼ ਬਰਾੜ ) - ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਸਮੇਤ ਨੌਜਵਾਨ ਪੀੜ੍ਹੀ ਦਾ ਮੋਬਾਇਲ ਫੋਨਾਂ ਦੇ ਨਸ਼ੇ ਦਾ ਆਦੀ ਹੋ ਜਾਣਾ ਚਿੰਤਾਜਨਕ ਹੈ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਵਰਾਜ ਟਰੇਕਟਰ ਏਜੰਸੀ ਜ਼ੀਰਾ ਦੇ ਐਮ ਡੀ ਸ੍ਰੀ ਜਾਨਿਦਰ ਜੈਨ ਨੇ ਕਿਹਾ ਕਿ ਅੱਜ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਮੋਬਾਇਲ ਫੋਨ ਲੋਕਾਂ ਦੀ ਜ਼ਿੰਦਗੀ ਦਾ ਅਨਿਖੜਵਾਂ ਅੰਗ ਬਣ ਚੁੱਕਾ ਹੈ, ਪਰ ਵਿਦਿਆਰਥੀ ਵਰਗ ਦਾ ਇਸ ਮੋਬਾਇਲਾਂ ਦੇ ਨਸ਼ੇ ਦੇ ਆਦੀ ਹੋਣਾ ਬਹੁਤ ਹੀ ਚਿੰਤਾਜਨਕ ਹੈ। ਉਹਨਾਂ ਕਿਹਾ ਕਿ ਅੱਜ ਛੋਟੇ ਬੱਚਿਆਂ ਤੋਂ ਲੈ ਕੇ ਔਰਤਾਂ, ਨੌਜਵਾਨ ਪੀੜੀ ਅਤੇ ਬਜ਼ੁਰਗ ਵੀ ਮੋਬਾਇਲ ਫੋਨਾਂ ਦੇ ਨਸ਼ੇ ਦੇ ਆਦੀ ਹੋ ਗਏ ਹਨ। ਪਰਿਵਾਰ ਵਿੱਚ ਚਾਰ ਮੈਂਬਰ ਆਪਸ ਵਿੱਚ ਗੱਲ ਕਰਨ ਦੀ ਬਜਾਏ ਆਪੋ ਆਪਣੇ ਮੋਬਾਇਲ ਫੋਨਾਂ ਤੇ ਖੁੱਭੇ ਰਹਿੰਦੇ ਹਨ। ਜਨਿਦਾਰ ਜੈਨ ਨੇ ਅੱਗੇ ਕਿਹਾ ਕਿ ਮਾਵਾਂ ਆਪਣੇ ਕੰਮ ਕਾਰ ਕਰਨ ਲਈ ਅਤੇ ਬੱਚੇ ਦੀ ਜਿੱਦ ਅੱਗੇ ਹਾਰ ਕੇ ਬੱਚਿਆਂ ਨੂੰ ਮੋਬਾਇਲ ਦੇ ਦਿੰਦੀਆਂ ਹਨ, ਪਰ ਬੱਚੇ ਉਸ ਤੇ ਕੀ ਵੇਖਦੇ ਹਨ, ਉਹਨਾਂ ਨੂੰ ਪਤਾ ਨਹੀਂ ਹੁੰਦਾ। ਉਹਨਾਂ ਕਿਹਾ ਕਿ ਜ਼ਿਆਦਾਤਰ ਛੋਟੇ ਬੱਚੇ ਤਾਂ ਮੋਬਾਇਲ ਤੇ ਗੇਮਾਂ ਹੀ ਖੇਡਦੇ ਅਤੇ ਕਾਰਟੂਨ ਵੇਖਦੇ ਰਹਿੰਦੇ ਹਨ। ਉਹਨਾਂ ਕਿਹਾ ਕਿ ਛੋਟੇ ਬੱਚਿਆਂ ਵੱਲੋਂ ਮੋਬਾਇਲ ਫੋਨਾਂ ਤੇ ਇਕਾਗਰਤਾ ਨਾਲ ਗੇਮਾਂ ਦੇਖਣੀਆਂ ਜਿੱਥੇ ਉਹਨਾਂ ਦੀ ਨਜ਼ਰ ਤਾਂ ਕਮਜ਼ੋਰ ਹੁੰਦੀ ਹੈ, ਉਥੇ ਉਹਨਾਂ ਦੇ ਦਿਮਾਗਾਂ ਤੇ ਵੀ ਗੂੜਾ ਅਸਰ ਪੈਂਦਾ ਹੈ। ਬੱਚਿਆਂ ਦੀ ਮੋਬਾਇਲ ਫੋਨਾਂ ਤੇ ਗੇਮ ਖੇਡਣ ਦੀ ਆਦਤ ਤੋਂ ਛੁਟਕਾਰਾ ਪਾਉਣਾ ਵੀ ਔਖਾ ਹੋ ਜਾਂਦਾ ਕਿਉਂਕਿ ਬੱਚੇ ਇੱਕ ਤਰ੍ਹਾਂ ਦੇ ਨਸ਼ੇ ਨਸ਼ੇ ਦਾ ਸ਼ਿਕਾਰ ਹੋ ਜਾਂਦੇ ਹਨ। ਉਹਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਛੋਟੇ ਬੱਚਿਆਂ ਨੂੰ ਮੋਬਾਇਲ ਫੋਨਾਂ ਤੋਂ ਦੂਰ ਰੱਖਿਆ ਜਾਵੇ। ਸ੍ਰੀ ਜੈਨ ਨੇ ਕਿਹਾ ਕਿ ਬੱਚਿਆਂ ਵਾਂਗ ਅਸੀਂ ਸਭ ਵੀ ਮੋਬਾਇਲ ਫੋਨਾਂ ਦੇ ਨਸ਼ੇ ਦਾ ਸ਼ਿਕਾਰ ਹੋ ਗਏ ਹਾਂ, ਸਾਨੂੰ ਸੰਭਲਨਾ ਪਵੇਗਾ । ਸ੍ਰੀ ਜੈਨ ਨੇ ਅਖੀਰ ਵਿੱਚ ਕਿਹਾ ਕਿ ਮੋਬਾਇਲ ਫੋਨ ਸਿਰਫ ਸਾਡੀ ਨਜ਼ਰ ਹੀ ਕਮਜ਼ੋਰ ਨਹੀਂ ਕਰਦੇ ਸਗੋਂ ਦਿਮਾਗ ਤੇ ਵੀ ਗੂੜਾ ਅਸਰ ਪਾਉਂਦੇ ਹਨ, ਜਿਸ ਕਾਰਨ ਜ਼ਿਆਦਾਤਰ ਲੋਕ ਮਾਨਸਿਕ ਰੋਗੀ ਹੋ ਰਹੇ ਹਨ ।

# ਪੰਜਾਬ ਬਜਟ ਵਿੱਚ ਔਰਤਾਂ ਨਾਲ ਕੀਤੇ ਵਾਅਦੇ ਫਿਰ ਵੀ ਅਧੂਰੇ ਰਹੇ, ਰਾਮਕ੍ਰਿਸ਼ਨ ਭੱਲਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

(ਬੇਅੰਤ ਸਿੰਘ ਰੋਹਟੀ ਖਾਸ/ ਬੰਗਾ ਨਾਭਾ 30 ਮਾਰਚ2025) ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਪੰਜਾਬ ਬਜਟ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਆਗੂ ਰਾਮਕ੍ਰਿਸ਼ਨ ਭੱਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਬਜਟ ਵਿੱਚ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦੇ, ਖਾਸ ਕਰਕੇ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਭੱਤਾ ਦੇਣ ਦੇ ਵਾਅਦੇ ਪੂਰੇ ਨਹੀਂ ਕੀਤੇ ਗਏ। ਇਹ ਚੌਥਾ ਬਜਟ ਵੀ ਔਰਤਾਂ ਲਈ ਨਿਰਾਸ਼ਾ ਲੈ ਕੇ ਆਇਆ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਬਹੁਤ ਮਾੜੀ ਹੈ। ਸੂਬੇ ਵਿੱਚ ਸਿੱਖਿਆ ਅਤੇ ਸਿਹਤ ਦੀ ਹਾਲਤ ਵੀ ਮਾੜੀ ਹੈ। ਉਨ੍ਹਾਂ ਕਿਹਾ ਕਿ ਕੁੱਲ ਮਿਲਾ ਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਚਲਾਉਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਚੌਥਾ ਬਜਟ ਇੱਕ ਵੱਡਾ ਫਲਾਪ ਹੈ ਜਿਸ ਵਿੱਚ ਪੰਜਾਬ ਦੇ ਲੋਕਾਂ ਲਈ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਪੰਜਾਬ ਸਰਕਾਰ ਦਿੱਲੀ ਤੋਂ ਚਲਾਈ ਜਾਂਦੀ ਸੀ ਅਤੇ ਅੱਜ ਵੀ ਦਿੱਲੀ ਦੇ ਲੋਕ ਇਸਨੂੰ ਆਪਣੇ ਤਰੀਕੇ ਨਾਲ ਚਲਾ ਰਹੇ ਹਨ ਅਤੇ ਦਿੱਲੀ ਵਿੱਚ ਚੋਣ ਹਾਰਨ ਤੋਂ ਬਾਅਦ, ਅੱਜ ਉਹ ਪੰਜਾਬ ਦੀ ਕੀਮਤ 'ਤੇ ਪੰਜਾਬ ਵਿੱਚ ਡੇਰਾ ਲਾ ਰਹੇ ਹਨ। ਗੱਲਬਾਤ ਤੋਂ ਬਾਅਦ



ਫੋਟੋ ਭਾਜਪਾ ਨੇਤਾ ਰਾਮਕ੍ਰਿਸ਼ਨ ਭੱਲਾ

# ਟ੍ਰੇਨਿੰਗ ਵਰਕਸ਼ਾਪ ਦੌਰਾਨ ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਵੱਲੋਂ ਕੀਤਾ ਗਿਆ ਜਾਗਰੂਕ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਕੈਪਟਨ ਮਨਤੇਜ ਸਿੰਘ ਚੀਮਾ ਦੀ ਅਗਵਾਈ ਵਿਚ ਆਈ. ਟੀ. ਆਈ ਨਵਾਂਸ਼ਹਿਰ ਵਿਖੇ ਯੂਥ ਕਲੱਬਜ਼ ਟ੍ਰੇਨਿੰਗ ਵਰਕਸ਼ਾਪ ਕਰਵਾਈ ਗਈ। ਇਸ ਦੌਰਾਨ ਵੱਖ-ਵੱਖ ਵਿਭਾਗਾਂ ਜਿਵੇਂ ਸਿਹਤ, ਖੇਤੀਬਾੜੀ, ਖੇਡ, ਸਿੱਖਿਆ, ਬੈਂਕਿੰਗ, ਰੋਜ਼ਗਾਰ ਵਿਭਾਗ ਆਦਿ ਤੋਂ ਆਏ ਹੋਏ ਪ੍ਰਤੀਨਿਧੀਆਂ ਵੱਲੋਂ ਨੌਜਵਾਨਾਂ ਨੂੰ ਸਬੰਧਿਤ ਵਿਭਾਗ ਦੇ ਚੱਲ ਰਹੇ ਪ੍ਰੋਗਰਾਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਕੈਪਟਨ ਮਨਤੇਜ ਸਿੰਘ ਨੇ ਟ੍ਰੇਨਿੰਗ ਵਰਕਸ਼ਾਪ ਦੀ ਰਸਮੀ ਸ਼ੁਰੂਆਤ ਕਰਦਿਆਂ ਕਿਹਾ ਕਿ ਯੁਵਕਾਂ ਲਈ ਇਸ ਟ੍ਰੇਨਿੰਗ ਦੌਰਾਨ ਵੱਖ-ਵੱਖ ਵਿਭਾਗਾਂ ਤੋਂ ਆਏ ਹੋਏ ਪ੍ਰਤੀਨਿਧੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਉਨ੍ਹਾਂ ਦੇ ਰੋਸ਼ਨ ਭਵਿੱਖ ਲਈ ਸਾਰਥਕ ਸਿੱਟੇ ਲੈ ਕੇ ਆਵੇਗੀ। ਸਿਵਲ ਸਰਜਨ ਦਫ਼ਤਰ ਸ਼ਹੀਦ ਭਗਤ ਸਿੰਘ ਨਗਰ ਤੋਂ ਤਰਸੇਮ ਲਾਲ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਵੱਲੋਂ ਆਏ ਹੋਏ ਯੁਵਕਾਂ ਨੂੰ ਜਿਥੇ "ਅੱਖਾਂ ਗਈਆਂ ਜਹਾਨ ਗਿਆ, ਦੰਦ ਗਏ ਸਵਾਦ ਗਿਆ", "ਜਿਉਂਦੇ ਜੀਅ ਖੂਨਦਾਨ ਤੇ ਮਰਨ ਉਪਰੰਤ ਅੱਖਾਂ ਦਾਨ" ਅਤੇ "ਯੁੱਧ ਨਸ਼ਿਆਂ ਵਿਰੁੱਧ " ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ, ਉੱਥੇ ਵੱਖ-ਵੱਖ ਸਿਹਤ ਪ੍ਰੋਗਰਾਮਾਂ ਸਬੰਧੀ ਵੀ ਜਾਣੂ ਕਰਵਾਇਆ। ਇਸ ਮੌਕੇ ਤਰਸੇਮ ਲਾਲ ਨੇ ਨੈਸ਼ਨਲ ਵਾਇਰਲ ਹੈਪੇਟਾਈਟਸ ਕੰਟਰੋਲ ਪ੍ਰੋਗਰਾਮ, ਹਫ਼ਤਾਵਾਰੀ ਆਇਰਨ ਅਤੇ ਫੋਲਿਕ ਐਸਿਡ ਸਪਲੀਮੈਂਟ ਪ੍ਰੋਗਰਾਮ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕਰਮ, ਐਮਰਜੈਂਸੀ ਰਿਸਪਾਂਸ ਸਰਵਿਸ, 108 ਟੋਲ ਫਰੀ ਮੈਡੀਕਲ ਹੈਲਪਲਾਈਨ ਨੰਬਰ 104, ਮੋਬਾਈਲ ਮੈਡੀਕਲ ਯੂਨਿਟ, ਰਾਸ਼ਟਰੀ ਬਾਲ ਸਵੱਸਥ ਕਾਰਿਆਕਰਮ ਅਧੀਨ ਬੱਚਿਆਂ ਦਾ ਮੁਫ਼ਤ ਇਲਾਜ, ਡੇਂਗੂ, ਚਿਕਨਗੁਨੀਆ, ਮਲੇਰੀਆ ਦਾ ਇਲਾਜ ਮੁਫ਼ਤ,ਕੋਰਨੀਅਲ ਅੰਨ੍ਹਾਪਣ ਮੁਕਤ ਪੰਜਾਬ, ਆਯੁਰਵੈਦਾ, ਮੁਫ਼ਤ ਟੀਕਾਕਰਨ, ਬੇਟੀ ਬਚਾਓ, ਬੇਟੀ ਪੜ੍ਹਾਓ, ਨੈਸ਼ਨਲ ਟੀਬੀ ਕੰਟਰੋਲ ਪ੍ਰੋਗਰਾਮ, ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਤੇ ਹੋਰ ਪ੍ਰੋਗਰਾਮਾਂ ਤੇ ਐਨ. ਸੀ. ਡੀ ਤਹਿਤ ਵਿਸਥਾਰਪੂਰਵਕ ਸਿਹਤ ਸਿੱਖਿਆ ਦਿੱਤੀ। ਇਸ ਮੌਕੇ ਰੋਜ਼ਗਾਰ ਦਫਤਰ ਸ਼ਹੀਦ ਭਗਤ ਸਿੰਘ ਨਗਰ ਤੋਂ ਆਏ ਪ੍ਰਤੀਨਿਧੀਆਂ ਵੱਲੋਂ ਵੱਖ-ਵੱਖ ਵਿਭਾਗਾਂ ਵਿਚ ਭਰਤੀ ਸਬੰਧ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਆਸਾਮੀਆਂ ਦੀ ਭਰਤੀ ਲਈ ਆਨਲਾਈਨ ਅਪਲਾਈ ਕਰਨ ਸੰਬੰਧੀ ਦੱਸਿਆ। ਟ੍ਰੇਨਿੰਗ ਸੈਸ਼ਨ ਦੌਰਾਨ ਖੇਡ ਵਿਭਾਗ ਤੋਂ ਆਏ ਗੁਰਪ੍ਰੀਤ ਸਿੰਘ ਨੇ ਯੁਵਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੌਜੂਦ ਯੁਵਕਾਂ ਵੱਲੋਂ ਆਪਣਾ ਉਤਸ਼ਾਹ ਦਰਸਾਉਂਦੇ ਹੋਏ ਇਸ ਟ੍ਰੇਨਿੰਗ ਦਾ ਪੂਰਾ ਲਾਭ ਲਿਆ ਗਿਆ ਅਤੇ ਟ੍ਰੇਨਰਾਂ ਦੁਆਰਾ ਉਨ੍ਹਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ।

# ਜ਼ਿਲ੍ਹੇ ਦੇ 1700 ਤੋਂ ਵੱਧ ਸਕੂਲਾਂ ਵਿੱਚ ਮੈਗਾ ਪੇਟੀਐਮ ਦਾ ਆਯੋਜਨ - ਡਿਪਟੀ ਸਪੀਕਰ

## ਹੁਸ਼ਿਆਰਪੁਰ ਵਿੱਚ ਜਲਦੀ ਹੀ ਲਗਭਗ 700 ਅਧਿਆਪਕ ਭਰਤੀ ਕੀਤੇ ਜਾਣਗੇ - ਰਾਜਾ ਗਿੱਲ, ਕਰਮਜੀਤ ਸਿੰਘ ਘੁੰਮਣ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਦੀ ਮੈਗਾ ਪੇਰੈਂਟ ਟੀਚਰ ਮੀਟਿੰਗ (ਪੀਟੀਐਮ) ਪਹਿਲਕਦਮੀ ਤਹਿਤ, ਸ਼ਨੀਵਾਰ ਨੂੰ ਜ਼ਿਲ੍ਹੇ ਦੇ 1700 ਤੋਂ ਵੱਧ ਸਕੂਲਾਂ ਵਿੱਚ ਪੀਟੀਐਮ ਆਯੋਜਿਤ ਕੀਤੇ ਗਏ। ਜਿਨ੍ਹਾਂ ਵਿੱਚ 490 ਸੈਕੰਡਰੀ ਅਤੇ 1200 ਤੋਂ ਵੱਧ ਪ੍ਰਾਇਮਰੀ ਸਕੂਲ ਸ਼ਾਮਲ ਸਨ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਬੀਰਮਪੁਰ ਵਿਖੇ ਮਾਪਿਆਂ ਅਤੇ ਅਧਿਆਪਕਾਂ ਨਾਲ ਜੁੜਦੇ ਹੋਏ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਸਿੱਖਿਆ ਪ੍ਰਣਾਲੀ ਦੀ ਬਿਹਤਰੀ ਲਈ ਸ਼ਾਨਦਾਰ ਤਰੱਕੀ ਕੀਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਜ਼ਨ ਸੀ ਕਿ ਸਿੱਖਿਆ ਅਤੇ ਸਿਹਤ ਖੇਤਰਾਂ ਵਿੱਚ ਵੱਡੇ ਸੁਧਾਰ ਕੀਤੇ ਜਾਣ, ਜੋ ਕਿ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੇ ਹਨ। ਉਹਨਾਂ ਅੱਗੇ ਕਿਹਾ ਕਿ ਸਾਡੇ ਸਕੂਲ ਸਭ ਤੋਂ ਵਧੀਆ ਹਨ, ਜਿਨ੍ਹਾਂ ਵਿੱਚ ਚੋਟੀ ਦੇ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਸਾਰੀਆਂ ਲੋੜੀਂਦੀਆਂ ਅਤਿ ਆਧੁਨਿਕ ਸਹੂਲਤਾਂ ਹਨ। ਉਨ੍ਹਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਤਾਂ ਜੋ ਉਹ ਮਿਆਰੀ ਸਿੱਖਿਆ ਦੇ ਨਾਲ-ਨਾਲ ਹੋਰ ਸਹੂਲਤਾਂ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਲਦੀ ਹੀ 2500 ਈਟੀਟੀ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪੇਗੀ ਜਿਨ੍ਹਾਂ ਵਿੱਚੋਂ ਲਗਭਗ 700 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਤਾਇਨਾਤ ਕੀਤਾ ਜਾਣਾ ਹੈ। ਮਾਪਿਆਂ ਨੇ ਪੰਜਾਬ ਸਰਕਾਰ ਦਾ ਸਕੂਲਾਂ ਨੂੰ ਵਿਸ਼ਵ ਪੱਧਰੀ ਸਕੂਲਾਂ ਵਿੱਚ ਤਬਦੀਲ ਕਰਨ ਲਈ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਇਸ ਗੱਲ 'ਤੇ ਬਹੁਤ ਸੰਤੁਸ਼ਟੀ ਪ੍ਰਗਟ ਕੀਤੀ ਕਿ ਉਨ੍ਹਾਂ ਦੇ ਬੱਚੇ ਨਾ ਸਿਰਫ਼ ਮੁਫ਼ਤ ਮਿਆਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ, ਸਗੋਂ ਮੁਫ਼ਤ ਕਿਤਾਬਾਂ, ਕੱਪੜੇ ਅਤੇ ਵਿਦਿਅਕ ਟੂਰ ਵੀ ਪ੍ਰਾਪਤ ਕਰ ਰਹੇ ਹਨ।

ਇਸ ਦੌਰਾਨ ਵੱਖ-ਵੱਖ ਸਕੂਲਾਂ ਦਾ ਦੌਰਾ ਕਰਦਿਆਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਲਲਿਤਾ ਅਰੋੜਾ ਨੇ ਵੀ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਸਹੂਲਤਾਂ, ਸੇਵਾਵਾਂ ਅਤੇ ਸਿੱਖਿਆ ਦੀ ਗੁਣਵੱਤਾ ਬੇਮਿਸਾਲ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਅਤੇ ਹੋਰ ਸਹੂਲਤਾਂ ਮੁਫ਼ਤ ਮਿਲਣਗੀਆਂ।

# ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ 'ਚ ਨਸ਼ੇ ਦਾ ਹੋਵੇਗਾ ਖਾਤਮਾ - ਜੱਸੀ ਸੋਹੀਆਂ ਵਾਲਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਨਾਭਾ, 30 ਮਾਰਚ (ਬੇਅੰਤ ਸਿੰਘ ਰੋਹਟੀ ਖਾਸ) ਪਰਜਾਪਤ ਸਭਾ ਰਜਿ. ਨਾਭਾ ਵੱਲੋਂ ਭਾਈ ਬੁੱਧੂ ਸ਼ਾਹ ਜੀ ਕਮਿਊਨਿਟੀ ਹਾਲ ਮਾਡਰਨ ਸਿਟੀ ਨਾਭਾ ਵਿਖੇ ਭਾਈ ਬੁੱਧੂ ਸ਼ਾਹ ਜੀ ਦੀ ਨਿੱਘੀ ਯਾਦ ਵਿੱਚ ਕਰਵਾਏ ਗਏ ਸਲਾਨਾ ਧਾਰਮਿਕ ਸਮਾਗਮ ਮੌਕੇ ਸਮੂਲੀਅਤ ਕਰਨ ਸਮੇਂ ਜਿਲਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆ ਵਾਲਾ ਆਗੂ ਵਿਧਾਨ ਸਭਾ ਹਲਕਾ ਨਾਭਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਤਰੱਕੀ ਵੱਲ ਲਿਜਾਣ ਅਤੇ ਮੁੜ ਤੋਂ ਖੁਸ਼ਹਾਲ ਬਣਾ ਕੇ ਰੰਗਲਾ ਪੰਜਾਬ ਬਣਾਉਣ ਲਈ ਵੱਡੇ ਉਪਰਾਲੇ ਕਰ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਨੂੰ ਬੇਰੁਜ਼ਗਾਰੀ ਅਤੇ ਨਸ਼ਾ ਮੁਕਤ ਸੂਬਾ ਬਣਾਉਣ ਲਈ ਸਰਕਾਰ ਵੱਲੋਂ ਵੱਡੇ ਕਦਮ ਚੁੱਕ ਕੇ ਲੋਕ ਪੱਖੀ ਸਖ਼ਤ ਫ਼ੈਸਲੇ ਲਏ ਜਾ ਰਹੇ ਹਨ। ਇਸ ਮੌਕੇ ਸੰਸਥਾ ਵੱਲੋਂ ਪੰਥਕ ਅਤੇ ਸਮਾਜ ਸੇਵੀ ਆਗੂ ਸਵਰਗੀ ਭਾਈ ਬਲਜੀਤ ਸਿੰਘ ਮੱਖਣ ਟੋਡਰਵਾਲ ਅਤੇ ਅਮਰ ਸ਼ਹੀਦ ਗੁਰਤੇਜ ਸਿੰਘ ਫੌਜੀ ਦੀ ਯਾਦ ਵਿੱਚ ਫਿਜ਼ੀਓਥਰੈਪੀ ਕੈਂਪ ਦਾ ਆਯੋਜਨ ਵੀ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਬੰਧਕ ਜੱਸਾ ਸਿੰਘ ਟੋਡਰਵਾਲ, ਵਰਿੰਦਰ ਘੇਨਾ, , ਸੰਤ ਰਾਮ, ਵੇਦ ਚੰਦ ਮੰਡੌਰ, ਗੁਰੀ ਛੱਜੂਭੱਟ ਦੁਬਈ ਆਦਿ ਵਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।



ਭਾਈ ਬੁੱਧੂ ਸ਼ਾਹ ਜੀ ਕਮਿਊਨਿਟੀ ਹਾਲ ਨਾਭਾ ਵਿਖੇ ਕਰਵਾਏ ਗਏ ਸਲਾਨਾ ਧਾਰਮਿਕ ਸਮਾਗਮ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ।

# ਲਾਜਵੰਤੀ ਮਲਟੀਪਰਪਜ਼ ਆਊਟਡੋਰ ਸਟੇਡੀਅਮ 'ਚ ਅੱਜ ਹੋਵੇਗੀ ਸਾਬਕਾ ਸੈਨਿਕਾਂ ਦੀ ਰੈਲੀ

## 11 ਕੋਰ ਕਮਾਂਡਰ ਲੈਫਟੀਨੈਂਟ ਜਨਰਲ ਅਜੈ ਚਾਂਦਪੁਰੀ ਮੁੱਖ ਮਹਿਮਾਨ ਵਜੋਂ ਕਰਨਗੇ ਸ਼ਿਰਕਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜ੍ਹਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ 30 ਮਾਰਚ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਬਕਾ ਸੈ ਨਿ ਕਾਂ ( ਈ ਐ ਸ ਐ ਮ ), ਵੀਰ ਨਾਰੀਆਂ ਅਤੇ ਸੈਨਿਕਾਂ ਦੀਆਂ ਵਿਧਵਾਵਾਂ ਦੇ ਲਈ ਹੈਡਕੁਆਰਟਰ 91 ਸਬ ਏਰੀਆ ਅਤੇ ਹੈਡਕੁਆਰਟਰ 11 ਕੋਰ, ਜਲੰਧਰ ਦੀ ਅਗਵਾਈ ਹੇਠ ਲਾਜਵੰਤੀ ਮਲਟੀਪਰਪਜ਼ ਆਊਟਡੋਰ ਸਟੇਡੀਅਮ ਵਿਖੇ ਸਾਬਕਾ ਸੈਨਿਕਾਂ ਦੀ ਰੈਲੀ ਕੀਤੀ ਜਾਵੇਗੀ। ਇਸ ਸਮਾਗਮ ਵਿੱਚ ਕੋਰ ਕਮਾਂਡਰ ਲੈਫਟੀਨੈਂਟ ਜਨਰਲ ਅਜੈ ਚਾਂਦਪੁਰੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਮੌਕੇ ਫੌਜ ਵੱਲੋਂ ਹਥਿਆਰਾਂ ਦੀ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ, ਜਿਸ ਨੂੰ ਆਮ ਨਾਗਰਿਕ ਵੀ ਦੇਖ ਸਕਣਗੇ। ਉਨ੍ਹਾਂ ਦੱਸਿਆ ਕਿ ਸਮਾਗਮ ਸਵੇਰੇ 10 ਵਜੇ ਸ਼ੁਰੂ ਹੋਵੇਗਾ। ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਅੱਜ ਰੈਲੀ ਦੀਆਂ ਤਿਆਰੀਆਂ ਨੂੰ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ ਐਸ.ਡੀ.ਐਮ ਟਾਂਡਾ ਅਤੇ ਸਹਾਇਕ ਕਮਿਸ਼ਨਰ ਹੁਸ਼ਿਆਰਪੁਰ ਪੰਕਜ ਕੁਮਾਰ ਨੇ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮਾਗਮ ਵਾਲੀ ਥਾਂ 'ਤੇ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਰੈਲੀ ਦਾ ਮੁੱਖ ਉਦੇਸ਼ ਸਾਬਕਾ ਸੈਨਿਕਾਂ, ਬਹਾਦਰ ਔਰਤਾਂ ਅਤੇ ਸੈਨਿਕਾਂ ਦੀਆਂ ਵਿਧਵਾਵਾਂ ਦੀਆਂ ਸਮੱਸਿਆਵਾਂ ਨੂੰ ਜਲਦੀ ਹੱਲ ਕਰਨਾ ਅਤੇ ਉਨ੍ਹਾਂ ਦਾ ਸਨਮਾਨ ਕਰਨਾ ਹੈ। ਰੈਲੀ ਦਾ ਸੰਕਲਪ 'ਬਹਾਦੁਰ ਦਾ ਸਨਮਾਨ, ਰਾਸ਼ਟਰ ਦਾ ਮਾਣ' ਹੈ, ਜੋ ਇਸ ਦੇ ਮੂਲ ਮੰਤਰ 'ਮਿਲਾਪ, ਸਿਹਤ, ਸਤਿਕਾਰ ਅਤੇ ਹੱਲ' ਦੇ ਅਨੁਰੂਪ ਹੈ। ਇਹ ਸਮਾਗਮ ਸਾਬਕਾ ਸੈਨਿਕਾਂ, ਬਹਾਦਰ ਔਰਤਾਂ ਅਤੇ ਸੇਵਾਦਾਰਾਂ ਦੀਆਂ ਵਿਧਵਾਵਾਂ ਦੇ ਸਨਮਾਨ ਅਤੇ ਭਲਾਈ ਦੀ ਜ਼ਰੂਰਤ ਨੂੰ ਉਜਾਗਰ ਕਰੇਗਾ ਅਤੇ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਸਥਾਈ ਸੰਪਰਕ ਸਥਾਪਤ ਕਰੇਗਾ। ਪੰਕਜ ਕੁਮਾਰ ਨੇ ਦੱਸਿਆ ਕਿ ਇਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸਾਬਕਾ ਸੈਨਿਕ, ਬਹਾਦਰ ਔਰਤਾਂ ਅਤੇ ਸੈਨਿਕਾਂ ਦੀਆਂ ਵਿਧਵਾਵਾਂ ਸ਼ਾਮਲ ਹੋਣਗੀਆਂ। ਇਸ ਲਈ ਸਿਵਲ ਵਿਭਾਗ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸਬੰਧੀ ਸਟਾਲ ਵੀ ਲਗਾਏ ਜਾਣਗੇ। ਉਨ੍ਹਾਂ ਅਧਿਕਾਰੀਆਂ ਨੂੰ ਸਾਰੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਹਦਾਇਤ ਵੀ ਕੀਤੀ।

# ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਯੌਰਪ ਦਾ ਟੂਰ ਲਾਕੇ ਆਏ ਪ੍ਰਸਿੱਧ ਗਾਇਕ ਆਰ.ਡੀ.ਸਾਗਰ ਦਾ ਕੀਤਾ ਭੱਰਵਾਂ ਸਵਾਗਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com



ਬੰਗਾ( ਚਰਨਜੀਤ ਸੱਲ੍ਹਾ )ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਸਮੇਂ-ਸਮੇਂ ਤੇ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ ਸੰਸਥਾ ਦੀ ਮੀਟਿੰਗ ਬੰਗਾ ਵਿਖੇ ਪ੍ਰਧਾਨ ਸ੍ਰੀ ਰਾਜ ਦਦਰਾਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ 9 ਮਾਰਚ ਨੂੰ ਪੱਲੀ ਉੱਚੀ ਵਿਖੇ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਤੇ ਕਰਵਾਏ ਗਏ ਕ੍ਰਾਂਤੀਕਾਰੀ ਜਾਗ੍ਰਿਤੀ ਸੰਮੇਲਨ ਦਾ ਹਿਸਾਬ ਕੀਤਾ ਗਿਆ ਅਤੇ ਐਨ.ਆਰ. ਆਈ ਅਤੇ ਇਲਾਕਾ ਨਿਵਾਸੀ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਯੌਰਪ ਦਾ ਟੂਰ ਲਾਕੇ ਆਏ ਪ੍ਰਸਿੱਧ ਗਾਇਕ ਆਰ ਡੀ ਸਾਗਰ ਜੀ ਦਾ ਅਨਮੋਲ ਪੈਲਿਸ ਬੰਗਾ ਵਿਖੇ ਭੱਰਵਾਂ ਸਵਾਗਤ ਕੀਤਾ ਗਿਆ ਇਸ ਮੌਕੇ ਹਾਜ਼ਰ ਸਨ ਸੰਸਥਾ ਪ੍ਰਧਾਨ ਤੁਹਾਡਾ ਆਪਣਾ ਗਾਇਕ ਰਾਜ ਦਦਰਾਲ,ਖ਼ਜ਼ਾਨਚੀ ਜਗਦੀਸ਼ ਜਾਡਲਾ,ਵਾਈਸ ਪ੍ਰਧਾਨ ਵਿਜੇ ਗੁਣਾਚੌਰ,ਸਕੱਤਰ ਹਰਦੀਪ ਦੀਪਾ,ਵਾਈਸ ਸਕੱਤਰ ਦਵਿੰਦਰ ਰੂਹੀ,ਸਕੱਤਰ ਦਵਿੰਦਰ ਰੂਹੀ,ਸਕੱਤਰ ਰਾਜ ਮਨਰਾਜ,ਮੁੱਖ ਸਲਾਹਕਾਰ ਜੈਪਾਲ ਸੁੰਡਾ,ਲੱਖਾ ਭੌਰੇਮਜਾਰਾ,ਲੱਕੀ ਹਿਆਲਾ,ਕਮੇਟੀ ਮੈਂਬਰ ਦਵਿੰਦਰ ਬੀਸਲਾ,ਜੱਸੀ ਨਿਗਾਹ,ਲੱਕੀ ਮਹਿਰਾ,ਕ੍ਰਿਸ਼ਨ ਹੀਓ ਅਤੇ ਪਵਨ ਬੀਸਲਾ ਜੀ

# ਬਸਪਾ ਵਲੋਂ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਹੁਸ਼ਿਆਰਪੁਰ ਵਿਖੇ ਬਸਪਾ ਵਰਕਰਾਂ ਨੂੰ ਪਹੁੰਚਣ ਦੀ ਅਪੀਲ --ਭਗਵਾਨ ਸਿੰਘ ਚੌਹਾਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com



ਚੱਬੇਵਾਲ (ਚਰਨਜੀਤ ਸੱਲ੍ਹਾ )ਮਿਤੀ 28-3-2025 ਨੂੰ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੀ ਮੀਟਿੰਗ ਕਮਿਊਨਟੀ ਸੈਂਟਰ ਚੱਬੇਵਾਲ ਵਿਖੇ ਹੋਈ, ਜਿਸ ਵਿਚ ਮੁੱਖ ਮਹਿਮਾਨ ਸ ਭਗਵਾਨ ਸਿੰਘ ਚੋਹਾਨ ਜੀ ਜਨਰਲ ਸਕੱਤਰ ਬਸਪਾ ਪੰਜਾਬ, ਸ੍ਰੀ ਗੁਰਨਾਮ ਸਿੰਘ ਚੌਧਰੀ ਜਨਰਲ ਸਕੱਤਰ ਪੰਜਾਬ ਪਹੁੰਚੇ ਅਤੇ ਉਨ੍ਹਾਂ ਨਾਲ ਵਿਸ਼ੇਸ਼ ਤੋਰ ਤੇ ਦਲਜੀਤ ਰਾਏ ਜੀ ਜਿਲ੍ਹਾ ਪ੍ਰਧਾਨ ਬਸਪਾ, ਐਡਵੋਕੇਟ ਪਲਵਿੰਦਰ ਮਾਨਾ ਜੀ ਇੰਚਾਰਜ ਹਲਕਾ ਚੱਬੇਵਾਲ ਤੇ ਯਸ਼ਪਾਲ ਭੱਟੀ ਹਲਕਾ ਪ੍ਰਧਾਨ ਵਿਸ਼ੇਸ਼ ਤੋਰ ਤੇ ਪਹੁੰਚੇ I ਇਸ ਮੀਟਿੰਗ ਵਿਚ ਆਏ ਹੋਏ ਆਗੂ ਸਹਿਬਾਨਾਂ ਵਲੋਂ ਮਿਤੀ 14 ਅਪ੍ਰੈਲ 2025 ਨੂੰ ਡਾ. ਬੀ ਆਰ ਅੰਬੇਦਕਰ ਜੀ ਦਾ ਜਨਮ ਦਿਨ ਹੁਸ਼ਿਆਰਪੁਰ ਵਿਖੇ ਜਿਲ੍ਹਾ ਪੱਧਰ ਤੇ ਮਨਾਉਣ ਸਬੰਧੀ ਹਲਕਾ ਚੱਬੇਵਾਲ ਵਿਚ ਲੀਡਰਸ਼ਿਪ ਅਤੇ ਵਰਕਰਾ ਨੂੰ ਲਾਮਬੰਦ ਕੀਤਾ ਅਤੇ ਹਲਕਾ ਚੱਬੇਵਾਲ ਦੀ ਸਮੁੱਚੀ ਲੀਡਰਸ਼ਿਪ ਅਤੇ ਵਰਕਰਾਂ ਨੇ ਬੱਡੀ ਗਿਣਤੀ ਵਿਚ ਹੁਸ਼ਿਆਰਪੁਰ ਵਿਖੇ ਪੁਹੰਚਣ ਦਾ ਵਿਸ਼ਵਾਸ਼ ਦਵਾਇਆ I ਇਸ ਮੀਟਿੰਗ ਵਿਚ ਆਏ ਆਗੂ ਸਹਿਬਾਨਾਂ ਨੇ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਡਰੱਗ ਮਾਫੀਆ ਦੇ ਖਿਲਾਫ ਜ਼ਮੀਨੀ ਪੱਧਰ ਤੇ ਕੰਮ ਕਰਕੇ ਬਹੁਜਨ ਸਮਾਜ ਪਾਰਟੀ ਪੰਜਾਬ ਨੂੰ ਨਸ਼ਾ ਮੁਕਤ ਕਰੇਗੀ ਅਤੇ 2027 ਵਿਚ ਬਸਪਾ ਪੰਜਾਬ ਅੰਦਰ ਰਾਜ ਸੱਤਾ ਹਾਸਲ ਕਰੇਗੀ I ਅਖੀਰ ਵਿਚ ਐਡਵੋਕੇਟ ਮਾਨਾ ਜੀ ਨੇ ਆਪਣੀ ਹਲਕਾ ਟੀਮ ਵਲੋਂ ਆਏ ਹੋਏ ਮੁੱਖ ਮਹਿਮਾਨ ਸਹਿਬਾਨਾਂ ਦਾ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਅਤੇ ਆਏ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ I ਇਸ ਮੌਕੇ ਹਾਜ਼ਰ ਰਾਕੇਸ਼ ਕਿੱਟੀ ਜੀ, ਸੂਬੇਦਾਰ ਹਰਭਜਨ ਸਿੰਘ, ਸਤਪਾਲ ਬੱਡਲਾ, ਬਲਵੰਤ ਸਹਿਗਲ, ਸਤਪਾਲ ਕਾਲੇਵਾਲ, ਵਿੱਕੀ ਬੰਗਾ, ਰੂਪਾ ਜੀ, ਡਾ ਹਰਨੇਕ, ਰਾਜੇਸ਼ ਭੁੰਨੋ, ਰੋਸ਼ਨ ਲਾਲ, ਮਨੋਹਰ ਬਾਜਰਾਵਰ, ਰਾਜਵਿੰਦਰ, ਮਨਜੀਤ ਹੈਪੀ, ਮਾਸਟਰ ਜੈ ਰਾਮ, ਤੇਜਪਾਲ ਅਤੇ ਹੋਰ ਵੀ ਬੱਡੀ ਗਿਣਤੀ ਵਿਚ ਸਾਥੀ ਹਾਜਰ ਸਨ I

# ਲਾਇਨ ਗੁਰਦੀਪ ਸਿੰਘ ਕੰਗ ਦੀ ਅਗਵਾਈ ਹੇਠ ਕਰਵਾਇਆ 84ਵਾਂ ਰਾਸ਼ਨ ਵੰਡ ਸਮਾਗਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com





ਫਗਵਾੜਾ 30 ਮਾਰਚ (ਸ਼ਿਵ ਕੌੜਾ) ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਅਤੇ ਹਿਊਮਨ ਰਾਈਟਸ ਕੌਂਸਲ (ਇੰਡੀਆ) ਦੇ ਸ਼ਾਖਾ ਪ੍ਰਧਾਨ ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ. ਐਫ. ਵਲੋਂ ਬਾਬਾ ਬਾਲਕ ਨਾਥ ਸੇਵਾ ਸੰਮਤੀ ਦੇ ਸਹਿਯੋਗ ਨਾਲ ਸ਼ਿਵ ਸ਼ਕਤੀ ਮਾਤਾ ਮੰਦਰ ਜੋਸ਼ੀਆਂ ਮੁਹੱਲਾ ਫਗਵਾੜਾ ਵਿਖੇ 84ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਗਵਰਨਰ ਲਾਇਨ ਰਸ਼ਪਾਲ ਸਿੰਘ ਬੱਚਾਜੀਵੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਗੈਸਟ ਆਫ ਆਨਰ ਵਜੋਂ ਹਿਊਮਨ ਰਾਈਟਸ ਕੌਂਸਲ (ਇੰਡੀਆ) ਦੇ ਪੰਜਾਬ ਪ੍ਰਧਾਨ ਸੁਖਵੰਤ ਸਿੰਘ ਪੱਡਾ, ਡਿਪਟੀ ਮੇਅਰ ਵਿੱਕੀ ਸੂਦ, ਡਿਸਟ੍ਰਿਕਟ ਪੀ.ਆਰ.ਓ. ਲਾਇਨ ਹਰਵਿੰਦਰ ਸਿੰਘ ਲਾਂਬਾ, ਕੌਂਸਲਰ ਅਮਨਪ੍ਰੀਤ ਕੌਰ ਸ਼ਾਮਲ ਹੋਏ। ਉਹਨਾਂ ਤੋਂ ਇਲਾਵਾ ਕੌਂਸਲਰ ਜਸਦੇਵ ਸਿੰਘ, ਕੌਂਸਲਰ ਮਨਪ੍ਰੀਤ ਸਿੰਘ ਭੋਗਲ, ਕੌਂਸਲਰ ਪਤੀ ਅੰਕੁਸ਼ ਓਹਰੀ, ਕੌਂਸਲਰ ਪੁੱਤਰ ਸੌਰਵ ਹਾਂਡਾ, ਸਮਾਜ ਸੇਵਕ ਬੱਬੂ ਮਨੀਲਾ, ਬਾਬਾ ਬਾਲਕ ਨਾਥ ਸੇਵਾ ਸੰਮਤੀ ਦੇ ਸਰਪ੍ਰਸਤ ਧਰਮਪਾਲ ਨਿਸ਼ਚਲ, ਅਤੇ ਐਸ.ਪੀ. ਬਸਰਾ, ਐਨ.ਆਰ. ਆਈ. ਸੁਖਦੇਵ ਰਾਜ ਮਨੀਲਾ, ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਮੁੱਖ ਮਹਿਮਾਨ ਰਸ਼ਪਾਲ ਸਿੰਘ ਬੱਚਾਜੀਵੀ ਨੇ 20 ਲੋੜਵੰਦ ਔਰਤਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਅਤੇ ਕੰਬਲਾਂ ਦੀ ਵੰਡ ਕੀਤੀ। ਉਹਨਾਂ ਲਾਇਨ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਵਲੋਂ ਕੀਤੇ ਜਾ ਰਹੇ ਇਸ ਉਪਰਾਲੇ ਨੂੰ ਲੋੜਵੰਦਾਂ ਲਈ ਲਾਹੇਵੰਦ ਦੱਸਿਆ। ਇਸ ਮੌਕੇ ਹਿਊਮਨ ਰਾਈਟਸ ਕੌਂਸਲ (ਇੰਡੀਆ) ਦੇ ਪੰਜਾਬ ਪ੍ਰਧਾਨ ਸੁਖਵੰਤ ਸਿੰਘ ਪੱਡਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਉਹਨਾਂ ਨੇ ਪਹਿਲੀ ਵਾਰ ਇਸ ਸਮਾਗਮ ਵਿਚ ਸ਼ਿਰਕਤ ਕੀਤੀ ਹੈ ਅਤੇ ਗੁਰਦੀਪ ਸਿੰਘ ਕੰਗ ਵਲੋਂ ਸਮਾਜ ਸੇਵਾ ਵਿਚ ਪਾਏ ਜਾ ਰਹੇ ਯੋਗਦਾਨ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਹਨ। ਉਹਨਾਂ ਕਿਹਾ ਕਿ ਅੰਨ ਦਾ ਦਾਨ ਸਭ ਤੋਂ ਵੱਡਾ ਦਾਨ ਹੈ। ਅਜਿਹੇ ਨੇਕ ਕਾਰਜ ਸਾਨੂੰ ਸਾਰਿਆਂ ਨੂੰ ਮਿਲਜੁਲ ਕੇ ਕਰਨੇ ਚਾਹੀਦੇ ਹਨ। ਹੋਰ ਬੁਲਾਰਿਆਂ ਨੇ ਵੀ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਵਲੋਂ ਸਮਾਜ ਸੇਵਾ ਵਿੱਚ ਪਾਏ ਯੋਗਦਾਨ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ।ਡਿਪਟੀ ਮੇਅਰ ਵਿੱਕੀ ਸੂਦ ਤੇ ਸਮਾਜ ਸੇਵਕ ਬੱਬੂ ਮਨੀਲਾ ਨੇ ਵੀ ਕਿਹਾ ਕਿ ਆਰਥਿਕ ਤੰਗੀ ਦੇ ਸ਼ਿਕਾਰ, ਬਿਮਾਰਾਂ ਅਤੇ ਬਜ਼ੁਰਗਾਂ ਦੀ ਸੇਵਾ ਕਰਨਾ ਸਮਾਜ ਦੇ ਸਾਰੇ ਯੋਗ ਵਿਅਕਤੀਆਂ ਦਾ ਫਰਜ਼ ਹੈ। ਹਰੇਕ ਵਿਅਕਤੀ ਨੂੰ ਹਰ ਮਹੀਨੇ ਆਪਣੀ ਚੰਗੀ ਕਮਾਈ ਵਿੱਚੋਂ ਕੁਝ ਪੈਸਾ ਲੋੜਵੰਦਾਂ ਦੀ ਮਦਦ ਲਈ ਜ਼ਰੂਰ ਖਰਚ ਕਰਨਾ ਚਾਹੀਦਾ ਹੈ। ਲਾਇਨ ਗੁਰਦੀਪ ਸਿੰਘ ਕੰਗ ਵੱਲੋਂ ਡਿਸਟ੍ਰਿਕਟ ਗਵਰਨਰ ਰਸ਼ਪਾਲ ਸਿੰਘ ਬੱਚਾਜੀਵੀ, ਪੰਜਾਬ ਪ੍ਰਧਾਨ ਸੁਖਵੰਤ ਸਿੰਘ ਪੱਡਾ ਅਤੇ ਹੋਰਨਾਂ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਉਨ੍ਹਾਂ ਸਾਰਿਆਂ ਦਾ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਬਾਬਾ ਬਾਲਕ ਨਾਥ ਜੀ ਦੀ ਕਿਰਪਾ ਨਾਲ ਰਾਸ਼ਨ ਵੰਡਣ ਸਮੇਤ ਸਮਾਜ ਸੇਵਾ ਦਾ ਇਹ ਸਿਲਸਿਲਾ ਨਿਰੰਤਰ ਜਾਰੀ ਰਹੇਗਾ। ਸਟੇਜ ਦਾ ਸੰਚਾਲਨ ਲਾਇਨ ਸੁਸ਼ੀਲ ਸ਼ਰਮਾ ਨੇ ਹਮੇਸ਼ਾ ਦੀ ਤਰ੍ਹਾਂ ਬਾਖੂਬੀ ਕੀਤਾ। ਇਸ ਮੌਕੇ ਸ਼ਿਵ ਸ਼ਕਤੀ ਮਾਤਾ ਮੰਦਰ ਪ੍ਰਧਾਨ ਚੰਚਲ ਸੇਠ, ਕੈਸ਼ੀਅਰ ਕਿੱਟੀ ਬਸਰਾ, ਸਮਾਜ ਸੇਵਿਕਾ ਸਾਉਦੀ ਸਿੰਘ, ਐਡਵੋਕੇਟ ਅਨੁ ਆਜਾਦ, ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ, ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੇ ਕੁਮਾਰ, ਲਾਇਨ ਸੁਮਿਤ ਭੰਡਾਰੀ, ਪਵਨ ਕਲੂਚਾ, ਮਨੀਸ਼ ਕਨੌਜੀਆ, ਵਿਨੋ ਕੁਮਾਰ ਬਿੱਟੂ, ਰਵੀ ਕੁਮਾਰ, ਲਾਇਨ ਵਿਪਨ ਸ਼ਰਮਾ, ਅਮਰਜੀਤ ਸਿੰਘ ਬਘਾਣਾ, ਅਨੂਪ ਦੁੱਗਲ, ਰਮੇਸ਼ ਕਪੂਰ, ਰਣਧੀਰ ਕਰਵਲ, ਲਲਿਤ ਸ਼ਰਮਾ, ਲਾਇਨ ਸ਼ਸ਼ੀ ਕਾਲੀਆ, ਲਾਇਨ ਸਤਵਿੰਦਰ ਸਿੰਘ ਭਮਰਾ ਆਦਿ ਹਾਜ਼ਰ ਸਨ।

# ਆਪ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਨਵਰਾਤਰੀ ਦੇ ਪਹਿਲੇ ਦਿਨ ਪਟਿਆਲਾ ਦੇ ਕਾਲੀ ਮਾਤਾ ਮੰਦਰ ਵਿੱਖੇ ਟੇਕਿਆ ਮੱਥਾ

- ਮਾਂ ਕਾਲੀ ਦੇ ਆਸ਼ੀਰਵਾਦ ਨਾਲ, ਪੰਜਾਬ ਨਸ਼ਿਆਂ ਦੇ ਦਾਨਵ ਨੂੰ ਹਰਾ ਦੇਵੇਗਾ - ਪੰਜਾਬ ਦੇ ਬੱਚਿਆਂ ਲਈ ਇੱਕ ਬਿਹਤਰ ਭਵਿੱਖ ਬਣਾਉਣਾ ਪੰਜਾਬ ਦਾ ਬਿਹਤਰ ਭਵਿੱਖ ਬਣਾਉਣ ਦੇ ਸਮਾਨ- ਪਿਛਲੀਆਂ ਸਰਕਾਰਾਂ ਵਲੋਂ ਫੈਲਾਏ ਭ੍ਰਿਸ਼ਟਾਚਾਰ ਅਤੇ ਲਾਪਰਵਾਹੀ ਦੇ ਕੂੜੇ ਨੂੰ 'ਆਪ' ਸਰਕਾਰ ਨੇ ਕਰ ਦਿੱਤਾ ਹੈ ਸਾਫ਼, ਹੁਣ, ਪੰਜਾਬ ਹੋਰ ਵੀ ਤੇਜ਼ ਰਫ਼ਤਾਰ ਨਾਲ ਵਧ ਰਿਹਾ ਹੈ ਅੱਗੇ- ਮਨੀਸ਼ ਸਿਸੋਦੀਆ
- ਸਿਸੋਦੀਆ ਨੇ ਕਿਹਾ, ਪੰਜਾਬ ਦੀ ਮਾਨ ਸਰਕਾਰ ਨੇ ਸਿੱਖਿਆ ਖੇਤਰ ਵਿੱਚ ਕੀਤੇ ਕ੍ਰਾਂਤੀਕਾਰੀ ਕੰਮ, ਅੱਜ ਪੰਜਾਬ ਦੇ ਇੱਕ ਵੀ ਸਕੂਲ ਵਿੱਚ ਬੱਚੇ ਫਰਸ਼ 'ਤੇ ਨਹੀਂ ਬੈਠਦੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਪਟਿਆਲਾ/ਚੰਡੀਗੜ੍ਹ, 30 ਮਾਰਚ 2025(ਬੇਅੰਤ ਸਿੰਘ ਰੋਹਟੀ ਖਾਸ)

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਇੰਚਾਰਜ ਅਤੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਨਵਰਾਤਰੀ ਦੇ ਪਹਿਲੇ ਦਿਨ ਪਟਿਆਲਾ ਦੇ ਕਾਲੀ ਮਾਤਾ ਮੰਦਰ ਵਿੱਚ ਮੱਥਾ ਟੇਕਿਆ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਨਾਲ ਸਿਸੋਦੀਆ ਨੇ ਦੇਵੀ ਮਾਤਾ ਤੋਂ ਆਸ਼ੀਰਵਾਦ ਮੰਗਿਆ ਅਤੇ ਪੰਜਾਬ ਦੀ ਖੁਸ਼ਹਾਲੀ,ਅਤੇ ਨਸ਼ਿਆਂ ਵਿਰੁੱਧ ਲੜਾਈ ਵਿਚ ਬਲ ਦੀ ਅਰਦਾਸ ਕੀਤੀ।

ਇਸ ਮੌਕੇ 'ਤੇ ਸਿਸੋਦੀਆ ਨੇ ਆਪਣੀ ਸ਼ਰਧਾ ਜ਼ਾਹਰ ਕਰਦਿਆਂ ਕਿਹਾ, "ਇਹ ਸਿਰਫ਼ ਇੱਕ ਤਿਉਹਾਰ ਨਹੀਂ ਹੈ, ਨਵਰਾਤਰੀ ਇੱਕ ਅਧਿਆਤਮਿਕ ਯਾਤਰਾ ਹੈ। ਇਹ ਨੌਂ ਦਿਨ ਉਹ ਹਨ ਜਦੋਂ ਅਸੀਂ ਆਪਣੇ ਅੰਦਰ ਮੌਜੂਦ ਬ੍ਰਹਮ ਊਰਜਾਵਾਂ ਨਾਲ ਡੂੰਘੇ ਤੌਰ 'ਤੇ ਜੁੜਦੇ ਹਾਂ ਅਤੇ ਚੁਣੌਤੀਆਂ ਨੂੰ ਪਾਰ ਕਰਨ ਦੀ ਤਾਕਤ ਪਾਉਂਦੇ ਹਾਂ।"

ਸਿਸੋਦੀਆ ਨੇ ਬੁਰਾਈਆਂ ਦੇ ਖਾਤਮੇ ਵਿੱਚ ਮਾਂ ਕਾਲੀ ਦੀ ਭੂਮਿਕਾ ਬਾਰੇ ਚਾਨਣਾ ਪਾਇਆ ਅਤੇ ਨਸ਼ਿਆਂ ਅਤੇ ਹੋਰ ਸਮਾਜਿਕ ਚੁਣੌਤੀਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਸਮਾਨੰਤਰ ਜ਼ਿਕਰ ਕੀਤਾ। ਉਨ੍ਹਾਂ ਕਿਹਾ, "ਭੂਤਾਂ ਅਤੇ ਬੁਰਾਈਆਂ ਨੂੰ ਨਸ਼ਟ ਕਰਨ ਲਈ ਪੂਜੀ ਜਾਣ ਵਾਲੀ ਮਾਤਾ ਕਾਲੀ ਦਾ ਆਸ਼ੀਰਵਾਦ ਸਾਨੂੰ ਨਸ਼ੇ ਦੀ ਲੱਤ ਵਰਗੀਆਂ ਅਜੋਕੇ ਭੂਤਾਂ ਨਾਲ ਲੜਨ ਦੀ ਤਾਕਤ ਦਿੰਦਾ ਹੈ। ਉਨ੍ਹਾਂ ਦੀ ਇਲਾਹੀ ਅਗਵਾਈ ਨਾਲ ਪੰਜਾਬ ਜਲਦੀ ਹੀ ਇਸ ਖ਼ਤਰੇ ਤੋਂ ਮੁਕਤ



ਹੋ ਜਾਵੇਗਾ।"

'ਆਪ' ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਸਿਸੋਦੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਲਈ ਜ਼ੋਰਦਾਰ ਮੁਹਿੰਮ ਚਲਾਈ ਹੈ। ਉਨ੍ਹਾਂ ਕਿਹਾ, "ਇਲਾਹੀ ਬਖਸ਼ਿਸ਼ਾਂ ਤੋਂ ਬਿਨਾਂ ਅਜਿਹੀ ਡੂੰਘੀ ਜੜ੍ਹ ਵਾਲੀ ਸਮੱਸਿਆ ਨਾਲ ਲੜਨਾ ਅਸੰਭਵ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਆਪਣੇ ਯਤਨਾਂ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ।

ਸਿਸੋਦੀਆ ਨੇ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਹਾਲ ਹੀ ਵਿੱਚ ਹੋਈ ਪ੍ਰਗਤੀ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਿਹਾ, "ਪਿਛਲੀਆਂ ਸਰਕਾਰਾਂ ਦੁਆਰਾ ਫੈਲਾਏ ਗਏ ਭ੍ਰਿਸ਼ਟਾਚਾਰ ਅਤੇ ਲਾਪਰਵਾਹੀ ਦੇ ਕੂੜੇ ਨੂੰ ਸਾਫ਼ ਕਰ ਦਿੱਤਾ ਗਿਆ ਹੈ। ਹੁਣ, ਪੰਜਾਬ ਹੋਰ ਵੀ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਿਹਾ ਹੈ।"

ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਗੈਂਗਸਟਰਾਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਤੋਂ ਦੂਰ ਰਹਿਣ ਦੀ ਅਪੀਲ ਵੀ ਕੀਤੀ। ਸਿਸੋਦੀਆ ਨੇ ਚੇਤਾਵਨੀ ਦਿੱਤੀ "ਅਜਿਹੇ ਜਾਲਾਂ ਵਿੱਚ ਫਸਣ ਦੇ ਭਿਆਨਕ ਨਤੀਜੇ ਨਿਕਲਦੇ ਹਨ। ਨੌਜਵਾਨਾਂ ਨੂੰ ਆਪਣੇ ਅਤੇ ਪੰਜਾਬ ਦੇ ਉੱਜਵਲ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਇਨ੍ਹਾਂ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ,"।

ਸਿੱਖਿਆ ਦੇ ਖੇਤਰ ਵਿੱਚ 'ਆਪ' ਦੇ ਕ੍ਰਾਂਤੀਕਾਰੀ ਕੰਮਾਂ 'ਤੇ ਚਾਨਣਾ ਪਾਉਂਦੇ ਹੋਏ ਸਿਸੋਦੀਆ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਆਪਣੇ ਦੌਰੇ ਤੋਂ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਉਨ੍ਹਾਂ ਕਿਹਾ, "ਕੱਲ੍ਹ ਮੈਂ ਇੱਕ ਮਾਤਾ-ਪਿਤਾ-ਅਧਿਆਪਕ ਮੀਟਿੰਗ (PTM) ਵਿੱਚ ਸ਼ਾਮਲ ਹੋਇਆ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਮੈਨੂੰ ਪਤਾ ਲੱਗਾ ਕਿ ਬਹੁਤ ਸਾਰੇ ਮਾਪੇ ਹੁਣ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਕੱਢ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ ਕਿਉਂਕਿ ਇੱਥੇ ਸੁਧਾਰ ਹੋਏ ਹਨ। ਇਹ ਕਿਸੇ ਵਿਦਿਅਕ ਕ੍ਰਾਂਤੀ ਤੋਂ ਘੱਟ ਨਹੀਂ ਹੈ।"

ਉਨ੍ਹਾਂ ਨੇ ਇੱਕ ਪਿੰਡ ਦੇ ਬੱਚੇ ਦੀ ਕਹਾਣੀ ਸੁਣਾਈ ਜਿਸਨੇ ਆਪਣੇ ਸਾਦੇ ਪਿਛੋਕੜ ਦੇ ਬਾਵਜੂਦ, ਜੇਈਈ ਪ੍ਰੀਖਿਆ ਪਾਸ ਕੀਤੀ ਅਤੇ ਵੱਡੀਆਂ ਉਚਾਈਆਂ ਪ੍ਰਾਪਤ ਕਰਨ ਲਈ ਤਿਆਰ ਹੈ। ਸਿਸੋਦੀਆ ਨੇ ਅੱਗੇ ਕਿਹਾ "ਇਹ ਗੁਣਵੱਤਾ ਵਾਲੀ ਸਿੱਖਿਆ ਦੀ ਪਰਿਵਰਤਨਸ਼ੀਲ ਸ਼ਕਤੀ ਹੈ,"।

ਸਿਸੋਦੀਆ ਨੇ ਕਿਹਾ, "ਅੱਜ ਪੰਜਾਬ ਦੇ ਇੱਕ ਵੀ ਸਕੂਲ ਵਿੱਚ ਬੱਚੇ ਫਰਸ਼ 'ਤੇ ਨਹੀਂ ਬੈਠੇ ਹਨ। ਸਕੂਲਾਂ ਦੀ ਬਾਉਂਡਰੀ/ ਦੀਵਾਰ ਵਰਗੇ ਮੁੱਦਿਆਂ ਨੂੰ ਹੱਲ ਕੀਤਾ ਗਿਆ ਹੈ, ਅਤੇ ਅਧਿਆਪਕ ਵਿਸ਼ਵ ਪੱਧਰੀ ਸਿਖਲਾਈ ਪ੍ਰਾਪਤ ਕਰ ਰਹੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਬੱਚਿਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਮਿਲੇ।" ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਦੇ ਬੱਚੇ ਇੰਨੇ ਵਧੀਆ ਪ੍ਰਦਰਸ਼ਨ ਕਰ ਰਹੇ ਹਨ ਕਿ ਉਨ੍ਹਾਂ ਨੂੰ ਚੰਦਰਯਾਨ ਦੇ ਲਾਂਚ ਨੂੰ ਦੇਖਣ ਲਈ ਚੁਣਿਆ ਗਿਆ ਸੀ।

ਸਿਸੋਦੀਆ ਨੇ ਕਿਹਾ "ਪੰਜਾਬ ਦੇ ਬੱਚਿਆਂ ਲਈ ਇੱਕ ਬਿਹਤਰ ਭਵਿੱਖ ਬਣਾਉਣਾ ਪੰਜਾਬ ਲਈ ਇੱਕ ਬਿਹਤਰ ਭਵਿੱਖ ਬਣਾਉਣ ਦੇ ਸਮਾਨ ਹੈ,"।

ਐਕਸ 'ਤੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ, ਸਿਸੋਦੀਆ ਨੇ ਨਵਰਾਤਰੀ 'ਤੇ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ, "ਇਹ ਨੌਂ ਦਿਨ ਬ੍ਰਹਮ ਊਰਜਾਵਾਂ ਦਾ ਜਸ਼ਨ ਹਨ ਅਤੇ ਸਾਡੀ ਅੰਦਰੂਨੀ ਸ਼ਕਤੀ ਨਾਲ ਡੂੰਘਾਈ ਨਾਲ ਜੁੜਨ ਦਾ ਸਮਾਂ ਹੈ। ਅੱਜ, ਨਵਰਾਤਰੀ ਦੇ ਪਹਿਲੇ ਦਿਨ, ਮੈਨੂੰ ਪਟਿਆਲਾ ਵਿੱਚ ਮਾਂ ਕਾਲੀ ਦੇ ਪ੍ਰਾਚੀਨ ਮੰਦਰ ਵਿੱਚ ਮੱਥਾ ਟੇਕਣ ਦਾ ਸੁਭਾਗ ਪ੍ਰਾਪਤ ਹੋਇਆ। ਇੱਥੇ ਖੜ੍ਹੇ ਹੋਣ ਨਾਲ ਮਨੁੱਖ ਨੂੰ ਸ਼ਾਂਤੀ ਅਤੇ ਊਰਜਾ ਦੀ ਡੂੰਘੀ ਭਾਵਨਾ ਮਿਲਦੀ ਹੈ।"

ਉਨ੍ਹਾਂ ਅੱਗੇ ਕਿਹਾ, "ਮੈਂ ਮਾਂ ਕਾਲੀ ਨੂੰ ਸਾਰਿਆਂ ਲਈ ਖੁਸ਼ੀ, ਸਿਹਤ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਹਰ ਬੱਚੇ ਨੂੰ ਮਿਆਰੀ ਸਿੱਖਿਆ ਮਿਲੇ, ਹਰ ਘਰ ਵਿੱਚ ਭੋਜਨ ਦਾ ਭੰਡਾਰ ਹੋਵੇ ਅਤੇ ਹਰ ਦਿਲ ਪਿਆਰ ਨਾਲ ਭਰਿਆ ਹੋਵੇ। ਮਾਂ ਦੇ ਆਸ਼ੀਰਵਾਦ ਨਾਲ, ਪੰਜਾਬ ਖੁਸ਼ਹਾਲ ਹੋਵੇਗਾ, ਅਤੇ ਦੇਸ਼ ਅੱਗੇ ਵਧੇਗਾ।"

ਸਿਸੋਦੀਆ ਨੇ ਮਾਤਾ ਤੋਂ ਤਾਕਤ ਮੰਗਦੇ ਹੋਏ ਕਿਹਾ, "ਮੈਂ ਲੋਕਾਂ ਦੀ ਅਣਥੱਕ ਸੇਵਾ ਕਰਨ ਅਤੇ ਧੀਰਜ, ਪਿਆਰ ਅਤੇ ਸੱਚਾਈ ਨਾਲ ਹਰ ਚੁਣੌਤੀ ਨੂੰ ਪਾਰ ਕਰਨ ਦੀ ਤਾਕਤ ਲਈ ਪ੍ਰਾਰਥਨਾ ਕੀਤੀ। ਨਵਰਾਤਰੀ ਦਾ ਸੰਦੇਸ਼ ਸਪੱਸ਼ਟ ਹੈ - ਹਰ ਬ੍ਰਹਮ ਸ਼ਕਤੀ ਸਾਡੇ ਅੰਦਰ ਰਹਿੰਦੀ ਹੈ। ਆਓ ਇਸਨੂੰ ਵੱਡੇ ਭਲੇ ਲਈ ਵਰਤੀਏ।"

# ਪੁਲਿਸ ਵੱਲੋਂ ਜ਼ਿਲ੍ਹੇ ਦੇ ਨਸ਼ਾ ਪ੍ਰਭਾਵਿਤ ਇਲਾਕਿਆਂ ਵਿਚ ਚਲਾਇਆ ਗਿਆ 'ਕਾਸੋ' ਅਪਰੇਸ਼ਨ

## -223 ਸ਼ੱਕੀ ਵਿਅਕਤੀਆਂ ਦੀ ਕੀਤੀ ਗਈ ਚੈਕਿੰਗ, 7 ਮੁਕੱਦਮੇ ਦਰਜ ਕਰਕੇ 7 ਮੁਲਜ਼ਮਾਂ ਨੂੰ ਕੀਤਾ ਗਿਆ ਗ੍ਰਿਫ਼ਤਾਰ ,,-110 ਨਸ਼ੀਲੀਆਂ ਗੋਲੀਆਂ, 21 ਗ੍ਰਾਮ ਹੈਰੋਇਨ ਅਤੇ 12 ਬੋਤਲਾ ਸ਼ਰਾਬ ਬਰਾਮਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)

ਸੀਨੀਅਰ ਕਪਤਾਨ ਪੁਲਿਸ, ਸ਼ਹੀਦ ਭਗਤ ਸਿੰਘ ਨਗਰ ਡਾ. ਮਹਿਤਾਬ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਿਸ, ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆ ਵਿਰੁੱਧ' ਮਿਸ਼ਨ ਤਹਿਤ ਨਸ਼ਿਆਂ ਦਾ ਖ਼ਾਤਮਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਮਿਸ਼ਨ ਤਹਿਤ ਨਸ਼ਾਂ ਤਸਕਰਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਮੁੰਹਿਮ ਤਹਿਤ ਅੱਜ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ



ਏ.ਡੀ.ਜੀ.ਪੀ ਟ੍ਰੈਫਿਕ ਪੰਜਾਬ ਏ.ਐਸ ਰਾਏ ਅਤੇ ਡੀ.ਆਈ.ਜੀ ਲੁਧਿਆਣਾ ਰੇਂਜ ਜਗਦਲੇ ਨਿਲੰਬਰੀ ਵਿਜੇ ਦੀ ਨਿਗਰਾਨੀ ਹੇਠ ਜਿਲ੍ਹੇ ਦੇ ਨਸ਼ਾ ਪ੍ਰਭਾਵਿਤ ਇਲਾਕੇ ਵਿਚ 'ਕਾਰਡਨ ਐਂਡ ਸਰਚ ਆਪਰੇਸ਼ਨ' (ਕਾਸੋ) ਚਲਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਰਚ ਆਪਰੇਸ਼ਨ ਵਿਚ 1 ਐਸ.ਪੀ, 6 ਡੀ.ਐਸ.ਪੀਜ਼ ਸਮੇਤ 107 ਪੁਲਿਸ ਕਰਮਚਾਰੀਆਂ ਦੀਆਂ ਪੁਲਿਸ ਪਾਰਟੀਆਂ ਬਣਾ ਕੇ ਜ਼ਿਲ੍ਹੇ ਦੇ ਡਰੱਗ ਹਾਟ ਸਪੋਟ ਪਿੰਡਾਂ/ਵਾਰਡਾਂ ਵਿਚ ਘੇਰਾਬੰਦੀ ਕਰਕੇ ਸਰਚ ਕੀਤੀ ਗਈ ਅਤੇ ਵਿਸ਼ੇਸ਼ ਤੌਰ 'ਤੇ ਨਸ਼ਾ ਤਸਕਰੀ ਦੇ ਧੰਦੇ ਵਿਚ ਸ਼ਾਮਲ ਰਹੇ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ। ਉਹਨਾਂ ਦੱਸਿਆ ਕਿ ਇਸ ਸਰਚ ਆਪਰੇਸ਼ਨ ਦੌਰਾਨ 223 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ ਅਤੇ 7 ਮੁਕੱਦਮੇ ਦਰਜ ਕਰਕੇ 7 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 110 ਨਸ਼ੀਲੀਆਂ ਗੋਲੀਆਂ, 21 ਗ੍ਰਾਮ ਹੈਰੋਇਨ ਅਤੇ 12 ਬੋਤਲਾ ਸ਼ਰਾਬ ਬਰਾਮਦ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਆਪਰੇਸ਼ਨ ਦਾ ਮੁੱਖ ਉਦੇਸ਼ ਨਸ਼ਾ ਤਸਕਰਾਂ ਨੂੰ ਕਾਬੂ ਕਰਨਾ, ਨਸ਼ਾ ਵੇਚਣ ਵਾਲੇ ਵਿਅਕਤੀਆਂ ਤੇ ਦਬਾਓ ਬਣਾਈ ਰੱਖਣਾ, ਉਨ੍ਹਾਂ ਦੀਆਂ ਮੌਜੂਦਾ ਗਤੀਵਿਧੀਆਂ 'ਤੇ ਨਿਗਰਾਨੀ ਰੱਖਣਾ, ਨਸ਼ੇ ਦੀ ਸਪਲਾਈ ਚੇਨ ਨੂੰ ਤੋੜਨਾ, ਨਸ਼ੇ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਬਾਰੇ ਪਤਾ ਲਗਾ ਕੇ ਉਨ੍ਹਾਂ ਦਾ ਮੁੜ ਵਸੇਬਾ ਕਰਨਾ ਅਤੇ ਆਮ ਪਬਲਿਕ ਵਿਚ ਪੁਲਿਸ ਪ੍ਰਤੀ ਵਿਸ਼ਵਾਸ ਪੈਦਾ ਕਰਨਾ ਸੀ। ਉਨ੍ਹਾਂ ਨੇ ਨਸ਼ਿਆਂ ਵਿਰੁੱਧ ਜਾਰੀ ਇਸ ਮੁਹਿੰਮ ਵਿਚ ਪੁਲਿਸ ਦਾ ਸਹਿਯੋਗ ਦੇਣ ਲਈ ਲੋਕਾਂ ਨੂੰ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਮਾਰਚ ਮਹੀਨੇ ਦੌਰਾਨ ਜ਼ਿਲ੍ਹਾ ਪੁਲਿਸ ਵੱਲੋਂ 123 ਮੁਕੱਦਮੇ ਦਰਜ ਕਰਕੇ 141 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਓਟ ਆਸਰੇ ਨਾਲ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਨਵੇਂ ਸੈਸ਼ਨ ਦੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਚੀਮਾ ਮੰਡੀ,30 ਮਾਰਚ (ਜਗਸੀਰ ਸਿੰਘ)-

ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸੰਚਾਲਿਤ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਵਿਖੇ ਨਵੇਂ ਸੈਸ਼ਨ 2025-26 ਦੀ ਸ਼ੁਰੂਆਤ ਉਤਸ਼ਾਹ ਅਤੇ ਨਵੇਂ ਉਮੀਦਾਂ ਦੇ ਨਾਲ ਕੀਤੀ ਗਈ। ਜਿਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ, ਜਿਸ ਤੋਂ ਬਾਅਦ ਹਰਜਸ ਕੀਰਤਨ ਵੀ ਕੀਤਾ ਗਿਆ। ਜਿਸ ਵਿੱਚ ਅਕਾਲ ਅਕੈਡਮੀ ਦੇ ਵਿੱਦਿਆਰਥੀਆਂ ਅਤੇ ਸਮੂਹ ਸਟਾਫ਼ ਨੇ ਸਿੱਖਿਆ ਦੇ ਖੇਤਰ ਵਿੱਚ ਆਪਣੇ ਉੱਚ ਪੱਧਰੀ ਆਦਰਸ਼ਾਂ, ਆਧੁਨਿਕ ਵਿਧੀਆਂ ਅਤੇ ਨੈਤਿਕ



ਮੁੱਲਾਂ ਦੁਆਰਾ ਭਵਿੱਖ ਨੂੰ ਸੰਵਾਰਨ ਦਾ ਵਚਨ ਲਿਆ ਗਿਆ। ਇਸ ਸਮਾਗਮ ਵਿੱਚ ਭਾਈ ਕਰਮਜੀਤ ਸਿੰਘ (ਸੇਵਾਦਾਰ ਜੀ), ਡਾ. ਅਵਤਾਰ ਸਿੰਘ (ਸੀਨੀਅਰ ਹੈਲਥ ਅਫ਼ਸਰ), ਦਲਜੀਤ ਸਿੰਘ ਜੇਜੀ (ਆਮ ਆਦਮੀ ਪਾਰਟੀ ਇੰਚਾਰਜ, ਦਿੜਬਾ ਹਲਕਾ), ਰਾਮਸਰੂਪ ਸਿੰਘ (ਜਖੇਪਲ), ਸਤਿਨਾਮ ਸਿੰਘ (ਸਰਪੰਚ ਮੈਦੇਵਾਸ), ਬਲਵਿੰਦਰ ਸਿੰਘ, ਨਿੱਕਾ ਸਿੰਘ, ਲਖਵੀਰ ਸਿੰਘ (ਗੁਰਦੁਆਰਾ ਮਾਤਾ ਭੋਲੀ ਕੌਰ ਜੀ ਪ੍ਰਬੰਧ ਕਮੇਟੀ), ਬਲਾਕ ਪ੍ਰਧਾਨ ਬੂਟਾ ਸਿੰਘ (ਕਾਂਗਰਸ ਪਾਰਟੀ) ਅਤੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ। ਇਸ ਸਮਾਗਮ ਦੌਰਾਨ ਅਕਾਲ ਅਕੈਡਮੀ ਦੇ ਪ੍ਰਿੰਸਪਲ ਅਨੁਰਾਧਾ ਬੱਬਰ ਨੇ ਸਾਰੇ ਮਹਿਮਾਨਾਂ ਦਾ ਸੁਆਗਤ ਕਰਦਿਆਂ, ਪਿਛਲੇ ਸੈਸ਼ਨ ਦੀਆਂ ਉਪਲੱਬਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਅਕਾਦਮਿਕ ਅਤੇ ਦਾਰਸ਼ਨਿਕ ਗਤੀਵਿਧੀਆਂ ਵਿੱਚ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਨੇ ਹਰ ਵਾਰ ਦੀ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਨੇ ਨਵੇਂ ਸੈਸ਼ਨ 2025-26 ਲਈ ਵਿਦਿਆਰਥੀਆਂ ਵੱਲੋਂ ਹੋਰ ਵਧੀਆ ਪ੍ਰਦਰਸ਼ਨ ਦੀ ਆਸ ਪ੍ਰਗਟਾਈ। ਇਸ ਸਮਾਗਮ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਨਵੇਂ ਸੈਸ਼ਨ ਲਈ ਨਵਾਂ ਉਤਸ਼ਾਹ ਭਰਿਆ। ਸਮਾਪਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ ਗਈ। ਇਸ ਨਵੇਂ ਸੈਸ਼ਨ ਦੀ ਸ਼ੁਰੂਆਤ ਅਰਦਾਸ ਅਤੇ ਗਿਆਨਯੋਗ ਪ੍ਰੋਗਰਾਮ ਨਾਲ ਕੀਤੀ ਗਈ, ਜਿਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਧਾਰਮਿਕ, ਨੈਤਿਕ ਅਤੇ ਆਧੁਨਿਕ ਸਿੱਖਿਆ ਦੇ ਖੇਤਰ ਨੂੰ ਸਮਰਪਿਤ ਅਕਾਲ ਅਕੈਡਮੀ ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਦੀਆਂ ਸਿੱਖਿਆਂ ਮੁਹੱਈਆ ਕਰਵਾਉਣ ਵਿੱਚ ਵਚਨਬੱਧ ਹੈ।

ਸਫ਼ਾ 9 ਦੀ ਖਬਰ ਦਾ ਬਾਕੀ

ਦ... ਘਰ ਦੇ ਅ... ਨਿੰਦਰ ਉਰਫ਼ ਬੌਬੀ ਨੂੰ ਗ੍ਰਿਫ਼ਤਾਰ ਕੀਤਾ ਹੈ।

ਜਾਣਕਾਰੀ ਅਨੁਸਾਰ, 15 ਅਤੇ 16 ਮਾਰਚ, 2025 ਦੀ ਦਰਮਿਆਨੀ ਰਾਤ ਨੂੰ ਕੁਝ ਵਿਅਕਤੀਆਂ ਨੇ ਯੂਟਿਊਬਰ ਅਤੇ ਸੋਸ਼ਲ ਮੀਡੀਆ ਇਨਫਲੂਐਂਸਰ ਰੋਜਰ ਸੰਧੂ ਦੇ ਪਿੰਡ ਰਾਏਪੁਰ ਰਸੂਲਪੁਰ, ਜਲੰਧਰ ਸਥਿਤ ਘਰ 'ਤੇ ਹਮਲਾ ਕੀਤਾ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਮਨਿੰਦਰ ਨੇ ਹਥਿਆਰਾਂ ਦਾ ਪ੍ਰਬੰਧ ਕੀਤਾ ਸੀ ਅਤੇ ਉਸਨੇ ਇਹ ਹਥਿਆਰ ਦੋਸ਼ੀ ਰੋਹਿਤ ਬਸਰਾ, ਜਿਸਨੇ 8 ਮਾਰਚ ਨੂੰ ਜੰਡੂ ਸਿੰਘਾ ਵਿਖੇ ਅੰਮ੍ਰਿਤਪ੍ਰੀਤ ਅਤੇ ਧੀਰਜ ਨੂੰ ਹਥਿਆਰ ਮੁਹੱਈਆ ਕਰਵਾਏ ਸਨ, ਨੂੰ ਸੌਂਪੇ ਸਨ। ਉਨ੍ਹਾਂ ਅੱਗੇ ਦੱਸਿਆ ਕਿ ਗ੍ਰਿਫ਼ਤਾਰ ਦੋਸ਼ੀ ਮਨਿੰਦਰ ਵਿਰੁੱਧ ਅਸਲਾ ਐਕਟ ਤਹਿਤ ਕਈ ਮਾਮਲੇ ਦਰਜ ਹਨ।

ਡੀਜੀਪੀ ਨੇ ਦੱਸਿਆ ਕਿ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਜਾਰੀ ਹੈ।

ਇਹ ਸਫਲਤਾ ਜਲੰਧਰ ਦਿਹਾਤੀ ਪੁਲਿਸ ਵੱਲੋਂ ਇਸ ਮਾਮਲੇ ਵਿੱਚ ਸ਼ਾਮਲ ਛੇ ਮੁਲਜ਼ਮਾਂ ਜਿਨ੍ਹਾਂ ਵਿੱਚ ਅੰਮ੍ਰਿਤਪ੍ਰੀਤ ਸਿੰਘ ਉਰਫ਼ ਸੁੱਖਾ, ਹਾਰਦਿਕ ਕੰਬੋਜ, ਧੀਰਜ ਕੁਮਾਰ, ਸੰਤੋਸ਼ ਕੁਮਾਰ ਉਰਫ਼ ਪਾਂਡੇ, ਲਛਮੀ ਅਤੇ ਰੋਹਿਤ ਬਸਰਾ ਸ਼ਾਮਲ ਹਨ, ਨੂੰ ਗ੍ਰਿਫ਼ਤਾਰ ਕਰਨ ਤੋਂ ਕੁਝ ਦਿਨਾਂ ਬਾਅਦ ਪ੍ਰਾਪਤ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ ਹੈਂਡ ਗ੍ਰਨੇਡ, ਦੋ .32 ਬੋਰ ਦੇ ਪਿਸਤੌਲਾਂ ਸਮੇਤ ਗੋਲੀ-ਸਿੱਕਾ ਅਤੇ ਤਿੰਨ ਮੋਟਰਸਾਈਕਲ ਵੀ ਬਰਾਮਦ ਕੀਤੇ ਹਨ।

ਹੋਰ ਜਾਣਕਾਰੀ ਸਾਂਝੀ ਕਰਦਿਆਂ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਜਲੰਧਰ ਦਿਹਾਤੀ ਗੁਰਮੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਮਨਿੰਦਰ ਦੇ ਚੰਡੀਗੜ੍ਹ ਹਵਾਈ ਅੱਡੇ 'ਤੇ ਪਹੁੰਚਣ ਬਾਰੇ ਮਿਲੀ ਭਰੋਸੇਯੋਗ ਸੂਹ 'ਤੇ ਕਾਰਵਾਈ ਕਰਦਿਆਂ ਜਲੰਧਰ ਦਿਹਾਤੀ ਤੋਂ ਪੁਲਿਸ ਟੀਮਾਂ ਤੁਰੰਤ ਚੰਡੀਗੜ੍ਹ ਰਵਾਨਾ ਹੋਈਆਂ ਅਤੇ ਦੋਸ਼ੀ ਦੇ ਹਵਾਈ ਅੱਡੇ 'ਤੇ ਪਹੁੰਚਣ 'ਤੇ ਉਸਨੂੰ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ

# ਡਾ ਨਛੱਤਰ ਪਾਲ ਐਮ ਐਲ ਏ ਨੇ ਹਰੇਕ ਤਰ੍ਹਾਂ, ਹਰੇਕ ਵਿਅਕਤੀ ਦੇ ਪੱਖ ਵਿੱਚ ਵਿਧਾਨ ਸਭਾ ਵਿੱਚ ਪੱਖ ਪੇਸ਼ ਕੀਤਾ --ਕੌਂਸਲਰ ਗੁਰਮੁਖ ਨੌਰਥ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਚਰਨਜੀਤ ਸੱਲ੍ਹਾ,)ਨਵਾਂਸ਼ਹਿਰ ਤੋਂ ਬਹੁਜਨ ਸਮਾਜ ਪਾਰਟੀ ਦੇ ਇਕ ਲੌਤੇ ਕੌਂਸਲਰ ਗੁਰਮੁੱਖ ਨੌਰਥ ਨੇ ਸਤਿਕਾਰਯੋਗ ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਨਵਾਂਸ਼ਹਿਰ ਦਾ ਤਹਿਦਿਲੋਂ ਧੰਨਵਾਦ ਕੀਤਾ ਹੈ ਉਹਨਾ ਕਿਹਾ ਹੈ ਕਿ ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ ਸਹਿਬ ਜੀ ਨੇ 2025 ਵਿਚ ਇਸ ਬਜਟ ਦੇ ਸੈਸ਼ਨ ਦੋਰਾਨ ਹਲਕਾ ਨਵਾਂਸ਼ਹਿਰ ਦੇ ਕੋਨੇ ਕੋਨੇ ਦੀ ਹਰੇਕ ਬਰਗ ਹਰੇਕ ਧਰਮ ਅਤੇ ਹਰੇਕ ਪਾਸੇ ਦੇ ਵਿਕਾਸ ਦੀ ਹੀ ਗਲ ਕੀਤੀ ਹੈ ਜਿਸ ਵਿਚ ਨਵਾਂਸ਼ਹਿਰ ਦਾ ਸਭ ਤੋਂ ਬਡਾ ਮੁੱਦਾ ਰੇਲਵੇ ਰੋੜ ਦੀ ਸੜਕ ਦਾ ਅੰਬੇਡਕਰ ਚੌਂਕ ਤੋਂ ਲੈ ਕੇ ਨਹਿਰੂ ਗੇਟ ਤੱਕ ਦੀ ਸੜਕ ਦਾ ਮੁੱਦਾ ਸ਼ਹਿਰ ਦੀਆਂ ਹੋਰ ਸੜਕਾਂ ਦਾ ਮੁੱਦਾ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ ਦਾ ਮੁੱਦਾ ਬੰਗਾ ਰੋੜ ਤੋਂ ਲੈ ਕੇ ਰਾਹੋਂ ਨੂੰ ਜਾਣ ਵਾਲੀ ਨਿਹਰੀ ਸੜਕ ਉਤੇ ਕਰੀਹੇ ਕੋਲ ਬੰਦ ਰੇਲਵੇ ਫਾਟਕ ਦਾ ਮੁੱਦਾ ਮੁਲਾਜਮਾਂ ਦੀਆਂ ਓਲਡ ਪੈਨਸ਼ਨਾਂ ਦਾ ਮੁੱਦਾ ਲੇਵਰਾਂ ਦਾ ਮੁਦਾ ਸਫਾਈ ਸੇਵਕਾਂ ਦਾ ਮੁੱਦਾ ਦਲਿਤ ਔਰਤਾਂ ਨੂੰ ਉਹਨਾ ਦਾ ਵਣਦਾ ਮਾਨ ਸਤਿਕਾਰ ਦਿਵਾਣ ਦੀ ਅਤੇ ਕਾਮੇਂ ਕਿਰਤੀਆਂ ਦੀ ਗਲ,ਸ਼੍ਰੀ ਗੁਰੂ ਰਵਿਦਾਸ ਮਾਹਾਰਾਜ ਜੀ ਦੀ ਚਰਨ ਛੋਹ ਪਰਾਪਤ ਧਰਤੀ ਵਿਖੇ ਮੀਨਾਰ ਏ ਬੇਗਮਪੁਰਾਂ ਅਤੇ ਉਥੇ ਦੀਆਂ ਸੜਕਾ ਦੀ ਗਲ ਮਹਾਤਮਾਂ ਬੁਧ ਧਰਮ ਦੇ ਦਿਨ ਦੀ ਸਰਕਾਰੀ ਛੁੱਟੀ ਕਰਵਾਉਣ ਅਤੇ ਉਹਾਨਾ ਨੂੰ ਵਣਦਾ ਮਾਣ ਸਤਿਕਾਰ ਦੇਣ ਸੰਬੰਦੀ ਗਲ,ਪੰਜਾਬ ਵਿਚ ਗੇਰ ਕਨੂੰਨੀ ਤਰੀਕੇ ਦੇ ਨਾਲ ਸਰਕਾਰੀ ਜਮੀਨਾਂ ਹੜਪੜ ਵਾਲੇ ਸਤਾ ਦਾਰੀ ਲੋਕਾਂ ਤੇ ਬਣਦੀ ਕਨੂੰਨੀ ਕਾਰਵਾਈ ਕਰਵਾਉਣ ਸੰਬੰਧੀ,ਇਥੋ ਤੱਕ ਡਾਕਟਰ ਨਛੱਤਰ ਪਾਲ ਜੀ ਨੇ ਨਵਾਂਸ਼ਹਿਰ ਵਿਚ ਮੈਡੀਕਲ ਕਾਲਜ ਵਣਾਉਣ ਦੀ ਪੰਜਾਬ ਸਰਕਾਰ ਅੱਗੇ ਪੇਸ਼ ਕਸ਼ ਰੱਖੀ ਸੀ ਜਿਸ ਨੂੰ ਪੰਜਾਬ ਸਰਕਾਰ ਨੇ ਮਨਜ਼ੂਰ ਕੀਤਾ ਤੇ ਨੀਹ ਪਥਰ ਰੱਖਕੇ ਉਦਘਾਟਨ ਕੀਤਾ ਜਿਸ ਸੰਬੰਧ ਵਿਚ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਨੇ ਪੰਜਾਬ ਸਰਕਾਰ ਦਾ ਧੰਨਬਾਦ ਵੀ ਕੀਤਾ,ਇਹਨਾ ਸਾਰੀਆਂ ਗਲਾਂ ਦਾ ਪ੍ਰਗਟਾਵਾ ਕਰਦੇ ਹੋਏ ਕੌਂਸਲਰ ਗੁਰਮੁੱਖ ਨੌਰਥ ਨੇ ਕਿਹਾ ਕਿ ਉਹ ਆਪਣੇ ਅਤੇ ਆਪਣੀ ਸਾਰੀ ਨਵਾਂਸ਼ਹਿਰ ਟੀਮ ਵੱਲੋਂ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਦੀ ਸ਼ਲਾਘਾ ਕਰਦੇ ਹਨ ਜਿਨਾ ਨੇ ਵਿਧਾਨ ਸਭਾ ਵਿਚ ਸਾਡੇ ਹੱਕ ਸਚ ਦੀ ਗਲ ਕੀਤੀ ਹੈ ਤੇ ਬਡੇ ਕਦਮ ਚੁਕੇ ਹਨ ਤੇ ਸਾਰੀ ਬਹੁਜਨ ਸਮਾਜ ਪਾਰਟੀ ਦਾ ਮਾਣ ਵਧਾਇਆ ਹੈ !




# ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕਰਵਾਉਣ ਲਈ ਬੋਧੀਆਂ ਵੱਲੋਂ ਕੈਬਨਿਟ ਮੰਤਰੀ ਨੂੰ ਮੈਮੋਰੰਡਮ ਦਿੱਤਾ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com



ਜਲੰਧਰ,29 ਮਾਰਚ (ਪਰਮਜੀਤ ਜੱਸਲ)-ਅੱਜ ਪੰਜਾਬ ਦੇ ਬੋਧੀ ਭਾਈਚਾਰੇ ਦੇ ਇੱਕ ਵਫਦ ਵਲੋਂ ਕੈਬਨਿਟ ਮੰਤਰੀ ਸ੍ਰੀ ਮਹਿੰਦਰ ਭਗਤ ਜੀ ਨੂੰ ਮੈਮੋਰੰਡਮ ਦਿੱਤਾ ਗਿਆ।ਜਿਸ ਵਿੱਚ ਪੰਜਾਬ 'ਚ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕਰਨ ਅਤੇ ਘੱਟ ਗਿਣਤੀਆਂ ਕਮਿਸ਼ਨ ਵਿੱਚ ਬੋਧੀਆਂ ਦਾ ਨੁਮਾਇੰਦਾ ਨਾਮਜਦ ਕਰਨ ਦੀ ਮੰਗ ਕੀਤੀ ਗਈ। ਕੈਬਨਿਟ ਮੰਤਰੀ ਸ੍ਰੀ ਮਹਿੰਦਰ ਭਗਤ ਜੀ ਨੇ ਭਰੋਸਾ ਦਿਵਾਇਆ ਕਿ ਉਹ ਜਲਦੀ ਹੀ ਇਸ ਮੁੱਦੇ ਤੇ ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਜੀ ਨਾਲ ਗੱਲਬਾਤ ਕਰਨਗੇ ਇਸ ਤੋਂ ਬਾਅਦ ਇਸ ਦਾ ਸਮਾਧਾਨ ਲੱਭਿਆ ਜਾਵੇਗਾ। ਇਹਨਾਂ ਤੋਂ ਇਲਾਵਾ ਉੱਘੇ ਆਗੂ ਸ੍ਰੀ ਪਵਨ ਟੀਨੂੰ ਅਤੇ ਮੈਡਮ ਰਾਜਵਿੰਦਰ ਕੌਰ ਥਿਆੜਾ ਚੇਅਰਪਰਸਨ ਇੰਪਰੂਵਮੈਂਟ ਟਰੱਸਟ ਜਲੰਧਰ ਦੇ ਰਾਹੀਂ ਮੈਮੋਰੰਡਮ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੂੰ ਭੇਜਿਆ ਗਿਆ। ਆਗੂਆਂ ਨੇ ਭਰੋਸਾ ਦਿਵਾਇਆ ਕਿ ਇਸ ਮੁੱਦੇ 'ਤੇ ਜਲਦੀ ਹੀ ਮਾਨਯੋਗ ਮੁੱਖ ਮੰਤਰੀ ਜੀ ਨਾਲ ਗੱਲ ਕੀਤੀ ਜਾਵੇਗੀ। ਇਸ ਵਿੱਚ ਐਡਵੋਕੇਟ ਹਰਭਜਨ ਸਾਂਪਲਾ, ਹੁਸਨ ਲਾਲ ਬੌਧ, ਚੰਚਲ ਬੌਧ, ਦੇਵ ਰਾਜ ਚੁੰਬਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਅਰਬਨ ਸਟੇਟ ਫੇਜ 2 ਜਲੰਧਰ, ਸ਼ੰਬੂ ਲਾਲ ਮਹੇ ਅਤੇ ਚਰਨਜੀਤ ਸਿੰਘ ਸਾਬਕਾ ਅਸਿਸਟੈਂਟ ਕਮਿਸ਼ਨਰ ਕਸਟਮ ਵਿਭਾਗ ਹਾਜ਼ਰ ਸਨ।

# 17 ਮਿੰਟਾਂ ਵਿੱਚ ਸੰਪੰਨ ਹੋਇਆ ਇੱਕ ਵਿਲੱਖਣ ਦਾਜ-ਮੁਕਤ ਵਿਆਹ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com



ਸੰਗਰੂਰ, 23 ਮਾਰਚ (ਜਗਸੀਰ ਲੌਂਗੋਵਾਲ)-

ਅਜੋਕੇ ਸਮਾਜ ਵਿਚ ਵਿਆਹ ਸਮੇ ਦਾਜ ਨੂੰ ਭਾਵ ਕੇ ਵਿਆਹ ਵਿਚ ਬੇਲੋੜੇ ਲੈਣ-ਦੇਣ ਆਦਿ ਨੂੰ ਇਕ ਵਿਰਾਸਤ ਦੇ ਤੌਰ ਤੇ ਅਪਣਾ ਲਿਆ ਗਿਆ ਹੈ ਦਾਜ ਵਿਆਹ ਦੀ ਇਕ ਜ਼ਰੂਰੀ ਰਸਮ ਬਣ ਗਿਆ ਹੈ ਜਿਸ ਦੀ ਗੈਰ-ਹਾਜ਼ਰੀ ਵਿਚ ਵਿਆਹ ਨੂੰ ਵਿਆਹ ਹੀ ਨਹੀਂ ਮੰਨਿਆ ਜਾਂਦਾ . ਇਸਦੇ ਪਿਛੋਕੜ ਵਾਰੇ ਗੱਲ ਕਰੀਏ ਤਾਂ ਇਹ ਸਭ ਤੋਂ ਪਹਿਲਾਂ ਰਾਜੇ-ਮਹਾਰਾਜਿਆਂ ਜਾਂ ਕੁਝ ਮਾਇਆ ਧਾਰੀ ਲੋਕਾਂ ਦੁਆਰਾਂ ਵਿਆਹ ਸਮੇਂ ਆਪਣੀਆਂ ਧੀਆਂ ਨੂੰ ਸੁਗਾਤ ਵਜੋਂ ਕੱਪੜੇ, ਗਹਿਣੇ ਅਤੇ ਹੋਰ ਘਰੇਲੂ ਵਰਤੋਂ ਵਿਚ ਆਉਣ ਵਾਲਾ ਸਮਾਂ ਆਦਿ ਦੇ ਦੇਣ-ਲੈਣ ਤੋਂ ਸ਼ੁਰੂ ਕੀਤਾ ਗਿਆ . ਇੱਕ ਮੱਤ ਇਹ ਵੀ ਹੈ ਕਿ ਧੀ ਆਪਣੇ ਪਿਓ ਦੀ ਜਾਇਦਾਦ ਵਿਚ ਬਰਾਬਰ ਦੀ ਹਿੱਸੇਦਾਰ ਹੁੰਦੀ ਹੈ ਜਿਸਦੇ ਵਿਕਲਪ ਵਜੋਂ ਇਹ ਦਾਜ ਧੀ ਦੇ ਵਿਆਹ ਮੌਕੇ ਦਿੱਤੇ ਜਾਂਦਾ ਹੈ . ਪਰ ਅਜੋਕੇ ਸਮੇਂ ਵਿਚ ਇਹ ਸਮਾਜ ਦੇ ਹਰ ਪੱਧਰ ਤੱਕ ਫੈਲ ਗਿਆ ਹੈ ਅਤੇ ਵਿਆਹ ਦਾ ਇੱਕ ਅੱਤ ਜ਼ਰੂਰੀ ਰਿਵਾਜ਼ ਬਣ ਗਿਆ ਹੈ . ਹੁਣ ਇਹ ਦਿਖਾਵਾ, ਅਡੰਬਰ ਅਤੇ ਇਕ ਸੌਦੇਬਾਜ਼ੀ ਬਣ ਕੇ ਰਹਿ ਗਿਆ ਹੈ . ਕੋਈ ਸਮਾਂ ਸੀ ਜਦੋਂ ਗ਼ਰੀਬ ਅਤੇ ਪਛੜੇ ਲੋਕ ਇਸ ਰਿਵਾਜ਼ ਦਾ ਹਿੱਸਾ ਨਹੀਂ ਬਣਦੇ ਸਨ, ਪਰ ਅੱਜ ਦੇ ਆਧੁਨਿਕ ਸਮਾਜ ਵਿੱਚ ਟੈਲੀਵਿਜ਼ਨਾਂ ਰਹਿਣ ਵਿਖਾਏ ਜਾ ਰਹੇ ਵਿਆਹਾਂ ਵਿੱਚ ਵੱਡੇ-ਵੱਡੇ ਘਰ, ਬੈਂਡ-ਬਾਜੇ ਅਤੇ ਚਮਕ-ਦਮਕ ਆਦਿ ਕਾਰਨ ਇਸਨੇ ਅਨੇਕਾਂ ਭਿਆਨਕ ਅਤੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ ਜਿਸ ਨੇ ਮਾਨਵੀ ਕਦਰਾਂ ਕੀਮਤਾਂ ਗੁਆ ਦਿੱਤੀਆਂ ਹਨ। ਅੱਜ ਦਾਜ ਦਾ ਮਤਲਬ ਕੁੱਝ ਬਰਤਨ, ਕੱਪੜੇ ਅਤੇ ਗਹਿਣਿਆਂ ਤਕ ਹੀ ਸੀਮਤ ਨਹੀਂ ਹੈ, ਸਗੋਂ ਦਾਜ ਦਾ ਭਾਵ ਹਜ਼ਾਰਾਂ ਰੁਪਏ ਨਕਦ, ਕਾਰ, ਸਕੂਟਰ, ਟੈਲੀਵਿਜ਼ਨ ਅਤੇ ਹੋਰ ਕੀਮਤੀ ਸਾਮਾਨ ਆਦਿ ਤੋਂ ਲਿਆ ਜਾਂਦਾ ਹੈ । ਇਸੇ ਲਈ ਦਾਜ ਗਰੀਬ ਸਮਾਜ ਲਈ ਇਕ ਸਮੱਸਿਆ ਬਣ ਕੇ ਰਹਿ ਗਿਆ ਹੈ । ਲੜਕੇ ਵਾਲੇ ਅੱਜ ਲੜਕੀ ਦੀ ਵਿੱਦਿਅਕ ਯੋਗਤਾ ਜਾਂ ਲਿਆਕਤ ਨਹੀਂ ਦੇਖਦੇ ਸਗੋਂ ਦਾਜ ਦਾ ਲੈਣ ਦੇਣ ਦੇਖਦੇ ਹਨ ।

ਦੂਜੇ ਪਾਸੇ, ਸੰਤ ਰਾਮਪਾਲ ਜੀ ਮਹਾਰਾਜ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ, ਉਹਨਾਂ ਦੇ ਪੈਰੋਕਾਰ ਬਿਨਾਂ ਕਿਸੇ ਲੈਣ-ਦੇਣ ਤੋਂ ਬਹੁਤ ਹੀ ਸਾਦੇ ਢੰਗ ਨਾਲ ਦਾਜ-ਮੁਕਤ ਵਿਆਹ (ਰਮੈਣੀ) ਕਰਵਾਉਂਦੇ ਹਨ। ਮਨਦੀਪ ਦਾਸ ਪੁੱਤਰ ਸ਼ਰਧਾਨੰਦ, ਵਾਸੀ ਜਿਲ੍ਹਾ ਸੋਨੀਪਤ (ਹਰਿਆਣਾ) ਦਾ ਅਜਿਹਾ ਹੀ ਇੱਕ ਆਦਰਸ਼ ਵਿਆਹ ਰਾਜ ਦਾਸੀ ਸਪੁੱਤਰੀ ਪੂਰਨ ਚੰਦ ਵਾਸੀ ਜਿਲ੍ਹਾ ਗੁਰਦਾਸਪੁਰ (ਪੰਜਾਬ) ਨਾਲ ਸਤਲੋਕ ਆਸ਼ਰਮ ਖਮਾਣੋਂ, ਜਿਲਾ ਸ਼੍ਰੀ ਫਤਿਹਗੜ੍ਹ ਸਾਹਿਬ ਵਿਖੇ ਦੇਖਣ ਨੂੰ ਮਿਲਿਆ। ਜਿਸ ਵਿੱਚ ਨਾ ਕੋਈ ਲੈਣ-ਦੇਣ ਸੀ, ਨਾ ਕੋਈ ਵਰਤੀ ਸੀ ਅਤੇ ਨਾ ਹੀ ਕੋਈ ਹੋਰ ਬਾਹਰੀ ਵਿਖਾਵਾ ਸੀ, ਇਹ ਅਨੋਖਾ ਵਿਆਹ ਸੰਤ ਗਰੀਬ ਦਾਸ ਜੀ ਅਮਰ ਰਾਹੀਂ ਆਪਣੇ ਗੁਰੂਦੇਵ ਨੂੰ ਹਾਜ਼ਰ-ਨਜ਼ਰ ਜਾਣਦੇ ਹੋਏ ਮਹਿਜ਼ 17 ਮਿੰਟਾਂ ਵਿੱਚ ਸੰਪੰਨ ਕੀਤਾ ਗਿਆ। ਨਵ-ਵਿਆਹੇ ਜੋੜੇ ਨੇ ਦੱਸਿਆ ਕਿ ਉਨ੍ਹਾਂ ਦੇ ਗੁਰੂਦੇਵ ਦਾ ਕਹਿਣਾ ਹੈ ਕਿ ਸਤਿ-ਭਗਤੀ ਨਾਲ ਹੀ ਹਰ ਤਰ੍ਹਾਂ ਦੀਆਂ ਬੁਰਾਈਆਂ ਨੂੰ ਰੋਕਿਆ ਜਾ ਸਕਦਾ ਹੈ। ਆਸ਼ਰਮ ਸੇਵਾਦਾਰ ਰਾਮ ਦਾਸ, ਸੁਖਦੇਵ ਦਾਸ ਅਤੇ ਦੀਪਕ ਦਾਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦਾਜ-ਰਹਿਤ ਵਿਆਹ (ਰਮੈਣੀ) ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਡੀ.ਜੇ., ਕੋਈ ਬੈਂਡ, ਕੋਈ ਬਾਰਾਤ, ਕੋਈ ਮੰਡਪ ਜਾਂ ਕੋਈ ਫੇਰੇ ਆਦਿ ਨਹੀਂ ਹੁੰਦੇ ਅਤੇ ਖਾਣ-ਪੀਣ ਦਾ ਸਾਰਾ ਪ੍ਰਬੰਧ ਵੀ ਆਸ਼ਰਮ ਵਲੋਂ ਹੀ ਕੀਤਾ ਜਾਂਦਾ ਹੈ. 17 ਮਿੰਟਾਂ ਦੀ ਅੰਮ੍ਰਿਤ ਬਾਣੀ ਰਾਹੀਂ ਜੀਵਨ ਭਰ ਸੁੱਖ-ਦੁੱਖ ਵਿੱਚ ਇੱਕ ਦੂਜੇ ਦਾ ਸਾਥ ਦੇਣ, ਪਿਆਰ ਨਾਲ ਰਹਿਣ ਅਤੇ ਚੋਰੀ, ਠੱਗੀ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਬੇਈਮਾਨੀ ਆਦਿ ਸਮਾਜਿਕ ਬੁਰਾਈਆਂ ਨਾ ਕਰਨ ਦਾ ਵਾਅਦਾ ਕੀਤਾ ਜਾਂਦਾ ਹੈ।

# ਪੰਜਾਬ ਵਿੱਚ ਮਨਰੇਗਾ ਦੀ ਦਿਹਾੜੀ 346/- ਰੁ ਹੋਈ - ਬਲਦੇਵ ਭਾਰਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com



ਨ ਵਾਂ ਸ਼ ਹਿ ਰ / ਰਾ ਹੋਂ (ਸਤਨਾਮ ਸਿੰਘ ਸਹੂੰਗੜਾ) ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਅਵਾਰਡੀ ਨੇ ਦੱਸਿਆ ਕਿ ਪੰਜਾਬ ਵਿੱਚ ਮਨਰੇਗਾ ਮਜ਼ਦੂਰਾਂ ਦੀ ਰੋਜ਼ਾਨਾ ਦੀ ਰੋਜ਼ਾਨਾ ਦਿਹਾੜੀ ਵਿੱਤੀ ਸਾਲ 2025-26 ਲਈ 1 ਅਪ੍ਰੈਲ 2025 ਤੋਂ 346/- ਰੁ: ਹੋਵੇਗੀ ਜੋ ਕਿ ਵਿੱਤੀ ਸਾਲ 2024-25 ਦੌਰਾਨ 322/- ਰੁ: ਸੀ। ਉਨ੍ਹਾਂ ਦੱਸਿਆ ਕਿ ਦੇਸ਼ ਭਰ ਵਿੱਚ ਮਨਰੇਗਾ ਮਜ਼ਦੂਰਾਂ ਦੀ ਰੋਜ਼ਾਨਾ ਉੱਜਰਤ ਦੀਆਂ ਦਰਾਂ ਸਬੰਧੀ ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਰੂਰਲ ਡਿਵੈਲਪਮੈਂਟ ਵਲੋਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗ੍ਰੰਟੀ ਕਾਨੂੰਨ-2005 ਦੀ ਧਾਰਾ 42 ਦੀ ਧਾਰਾ 6 ਦੀ ਉਪ-ਧਾਰਾ 1 ਤਹਿਤ ਨੋਟੀਫਿਕੇਸ਼ਨ ਮਿਤੀ 27 ਮਾਰਚ 2025 ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਤਾਜ਼ਾ ਨੋਟੀਫਿਕੇਸ਼ਨ ਅਨੁਸਾਰ ਇਹ ਦਿਹਾੜੀ ਹਰਿਆਣਾ ਵਿੱਚ 400/-ਰੁ:, ਸਿੱਕਿਮ ਦੇ 3 ਖੇਤਰਾਂ ਵਿੱਚ 389/-ਰੁ:, ਗੋਆ ਵਿੱਚ 378/-ਰੁ:, ਕਰਨਾਟਕ ਵਿੱਚ 370/-ਰੁ:, ਨਿਕੋਬਾਰ ਵਿੱਚ 361/-ਰੁ: ਅਤੇ ਕੇਰਲਾ ਵਿੱਚ 369/-ਰੁ: ਹੋਵੇਗੀ। ਇਸ ਤਰ੍ਹਾਂ ਪੰਜਾਬ ਦੂਸਰੇ ਰਾਜਾਂ ਦੇ ਮੁਕਾਬਲੇ ਵਿੱਚ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਦੀ ਦਰ ਮੁਤਾਬਕ 7ਵੇਂ ਸਥਾਨ 'ਤੇ ਹੋਵੇਗਾ।

# ਬੋਧ ਗਯਾ ਮੁਕਤੀ ਅੰਦੋਲਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

-ਪ੍ਰਿੰਸੀਪਲ ਪਰਮਜੀਤ ਜੱਸਲ ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ, ਜਲੰਧਰ। 98721 80653

ਸਮਰਾਟ ਅਸ਼ੋਕ ਨੇ ਤੀਸਰੀ ਸਦੀ ਭਾਵ 2300 ਸਾਲ ਪਹਿਲਾਂ ਬੋਧ ਗਯਾ ਮਹਾਂ ਵਿਹਾਰ ਨੂੰ ਬਣਾਇਆ ਸੀ।ਬੋਧ ਗਯਾ ਬੋਧੀਆ ਦਾ ਅੰਤਰਰਾਸ਼ਟਰੀ ਇਤਿਹਾਸਿਕ ਪ੍ਰਸਿੱਧ ਧਾਰਮਿਕ ਪਵਿੱਤਰ ਅਸਥਾਨ ਹੈ,ਜੋ ਬੋਧੀ ਭਾਈਚਾਰੇ ਲਈ ਮਾਣ ਅਤੇ ਸਨਮਾਨ ਦਾ ਪ੍ਰਤੀਕ ਹੈ। ਜਿੱਥੋਂ ਆਜ਼ਾਦੀ, ਬਰਾਬਰੀ, ਭਾਈਚਾਰਾ, ਸ਼ਾਂਤੀ, ਪ੍ਰੇਮ ਪਿਆਰ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਇਸ ਪਵਿੱਤਰ ਅਸਥਾਨ ਨੂੰ ਯੂਨੈਸਕੋ ਦੁਆਰਾ 2002 ਨੂੰ ਅਡਾਪਿਟ ਕੀਤਾ ਗਿਆ ।ਇਸ ਅਸਥਾਨ ਤੋਂ ਤਥਾਗਤ ਬੁੱਧ ਨੂੰ “ਗਿਆਨ “ ਦੀ ਪ੍ਰਾਪਤੀ’ ਹੋਈ ਸੀ। ਜਿਸ ਕਰਕੇ ਉਹ ਸਿਧਾਰਥ ਗੌਤਮ ਤੋਂ ‘ਬੁੱਧ’ ਬਣੇ। ਤਦ ਤੋਂ ਹੀ ਬੋਧੀ ਉਪਾਸਕ ਇਸ ‘ਚ ਵਿਸ਼ਵਾਸ, ਨਿਸ਼ਚਾ, ਭਰੋਸਾ ਰੱਖਦੇ ਹਨ।

ਸ੍ਰੀ ਲੰਕਾ ਤੋਂ ਇੱਕ ਬੋਧੀ ਭਿਖਸ਼ੂ ਅਨਾਗਾਰਿਕ ਧੰਮ ਪਾਲ ,ਬੁੱਧ ਧੰਮ ਦੀ ਸੱਚ ਦੀ ਖੋਜ ਕਰਦਾ ਹੋਇਆ 1891’ਚ ਮਹਾਂਬੁੱਧ ਵਿਹਾਰ,ਬੋਧ ਗਯਾ, ਬਿਹਾਰ (ਭਾਰਤ) ਆਇਆ,। ਜਦ ਅਨਾਗਾਰਿਕ ਬੋਧੀ ਭਿਖਸ਼ੂ ਨੇ ਮਹਾਂਬੁੱਧ ਵਿਹਾਰ,ਬੋਧ ਗਯਾ (ਬਿਹਾਰ) ‘ਚ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਭੰਤੇ ਜੀ ਨੂੰ ਤਰ੍ਹਾਂ -ਤਰ੍ਹਾਂ ਦੇ ਕਸ਼ਟ ,ਤਸੀਹੇ , ਜ਼ੁਲਮ , ਤਸ਼ੱਦਦ ਨੂੰ ਸਹਿਣਾ ਪਿਆ।ਅੰਤ ਉਹ ਅੰਦਰ ਜਾਣ ‘ਚ ਕਾਮਯਾਬ ਹੋ ਗਿਆ।ਇਥੇ ਦੀ ਬੁਰੀ ਹਾਲਤ ਦੇਖ ਕੇ ਉਸ ਨੂੰ ਬਹੁਤ ਦੁੱਖ ਹੋਇਆ। ਇਥੇ ਪਾਂਡੇ ਪੁਜਾਰੀਆਂ ਦਾ ਕਬਜ਼ਾ ਸੀ, ਜਿਸ ਕਰਕੇ ਅੰਧ ਵਿਸ਼ਵਾਸ, ਵਹਿਮ-ਭਰਮ,ਕਰਮ -ਕਾਂਡ ਕਰਵਾਏ ਜਾ ਰਹੇ ਸਨ, ਜਿਸ ਨੂੰ ਦੇਖ ਕੇ ਉਸ ਦਾ ਮਨ ਬਹੁਤ ਦੁੱਖੀ ਹੋਇਆ।ਉਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਸੋਚਣ ਵਾਲੀ ਗੱਲ ਇਹ ਹੈ ਕਿ ਬੋਧੀ ਅਸਥਾਨ ਉੱਤੇ ਬੋਧੀ ਉਪਾਸਕਾਂ ਨੂੰ ਜਾਣ ਦੀ ਇਜ਼ਾਜ਼ਤ ਨਾ ਹੋਵੇ ,ਅਜਿਹਾ ਕਿਉਂ? ਜਿਸ ਕਰਕੇ ਧਰਮ ਪਾਲ ਗੈਰ ਬੋਧੀਆਂ (ਹਿੰਦੂਆਂ)ਤੋਂ ਆਜ਼ਾਦ ਕਰਵਾਉਣ ਲਈ 1892 ‘ਚ ਤਹੱਈਆ ਕੀਤਾ। 1895 ‘ਚ ਅਨਾਗਾਰਿਕ ਨੇ ਜਪਾਨੀ ਭਿਖਸ਼ੂਆਂ ਦੁਆਰਾ ਭੇਟ ਕੀਤੀ ਹੋਈ ਬੁੱਧ ਦੀ ਮੂਰਤੀ ਮਹਾਂਵਿਹਾਰ ਵਿੱਚ ਸਥਾਪਿਤ ਕਰਨ ਦਾ ਯਤਨ ਕੀਤਾ ਪਰ ਗੈਰ ਬੋਧੀਆਂ ਨੇ ਉਸ ਦਾ ਹਿੰਸਕ ਵਿਰੋਧ ਕੀਤਾ ਅਤੇ ਧਰਮਪਾਲ ‘ਤੇ ਹਮਲਾ ਕਰ ਦਿੱਤਾ। ਇਸ ਦੇ ਬਾਅਦ ਬੋਧ ਗਯਾ ਮੰਦਰ ਮਾਮਲੇ ਤੇ ਇੱਕ ਕਾਨੂੰਨੀ ਲੜਾਈ ਸ਼ੁਰੂ ਹੋਈ ।ਜਿਸ ਵਿੱਚ ਅਦਾਲਤ ਨੇ ਬੋਧੀਆਂ ਦੇ ਹੱਕ ਵਿੱਚ ਫੈਸਲਾ ਸੁਣਾਇਆ ਹਾਲਾਂਕਿ ਬ੍ਰਿਟਿਸ਼ ਸਰਕਾਰ ਨੇ ਗੈਰ ਬੋਧੀਆਂ ਦਾ ਸਮਰਥਨ ਕੀਤਾ ਅਤੇ ਬੋਧੀਆਂ ਨੂੰ ਬੋਧ ਗਯਾ ਤੋਂ ਕੱਢ ਦਿੱਤਾ ਗਿਆ।ਉਹ ਬੋਧ ਗਯਾ ਨੂੰ ਆਜ਼ਾਦ ਕਰਾਉਣ ਲਈ ਲਗਾਤਾਰ ਸੰਘਰਸ਼ ਕਰਦੇ ਰਹੇ, ਅੰਤ ਉਸ ਦੀ ਮੌਤ 29 ਅਪ੍ਰੈਲ 1933 ‘ਚ ਹੋ ਗਈ।

1934 ਵਿੱਚ ਅੰਗਰੇਜ਼ਾਂ ਦਾ ਇੱਥੇ ਕਬਜ਼ਾ ਸੀ ,ਉਹਨਾਂ ਨੇ ਵੀ ਇਸ ਦੇ ਸੁਧਾਰ ਲਈ ਕੋਈ ਕਦਮ ਨਹੀਂ ਚੁੱਕਿਆ। ਇੰਝ ਜਾਪਦਾ ਹੈ ਕਿ ਅੰਗਰੇਜ਼ਾਂ ਨੂੰ ਭਰਮ ਭੁਲੇਖੇ ਵਿੱਚ ਹਿੰਦੂਆਂ ਨੇ ਪਾ ਕੇ ਰੱਖਿਆ ਹੋਵੇ ।ਉਹਨਾਂ ਇਹ ਵੀ ਦੱਸਿਆ ਹੋਵੇਗਾ ਕਿ ਇਹ ਹਿੰਦੂਆਂ ਦਾ ਹੀ ਧਾਰਮਿਕ ਅਸਥਾਨ ਹੈ ।ਇਸ ਲਈ ਉਹਨਾਂ ਇਸ ਵਿੱਚ ਕੋਈ ਦਿਲਚਸਪੀ ਨਾ ਲਈ ਹੋਵੇ।

ਭਾਰਤ ਦਾ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ 1949 ਵਿੱਚ ਸਰਕਾਰ ਨੇ ਇੱਕ ਐਕਟ ਬਣਾਇਆ। ਜਿਸ ਵਿੱਚ ਬੋਧੀ ਭਾਈਚਾਰੇ ਨੂੰ ਅੱਖੋਂ ਉਹਲੇ ਕਰਕੇ ਐਕਟ ਨੂੰ ਉਹਨਾਂ ‘ਤੇ ਥੋਪ ਦਿੱਤਾ ਗਿਆ। ਐਕਟ ‘ਚ 4 ਬੋਧੀ ਭਿਖਸ਼ੂ ਅਤੇ 4 ਸਵਰਨ ਹਿੰਦੂ ਮੈਂਬਰ ਬਣਾਏ ਗਏ । ਨੌਂਵਾਂ ਮੈਂਬਰ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਜਾਂ ਡੀ.ਐਮ. ਚੇਅਰਮੈਨ ਨੂੰ ਨਿਯੁਕਤ ਕੀਤਾ ਗਿਆ ,ਜੋ ਸਿਰਫ ਹਿੰਦੂ ਹੀ ਹੋਵੇਗਾ। Surai Susai Japanese ਭਿਖਸ਼ੂ ਨੇ ਬੋਧ ਗਯਾ ਨੂੰ ਗੈਰ ਬੋਧੀਆਂ ਤੋਂ ਆਜ਼ਾਦ ਕਰਾਉਣ ਲਈ ਅੰਦੋਲਨ 1992 ਵਿੱਚ ਸ਼ੁਰੂ ਕੀਤਾ।

ਗੈਰ ਬੋਧੀਆਂ ਤੋਂ ਬੋਧ ਗਯਾ ਮਹਾ ਵਿਹਾਰ ਨੂੰ ਮੁਕਤ ਕਰਾਉਣ ਲਈ 17 ਸਤੰਬਰ 2024 ਨੂੰ ਪਾਟਲੀਪੁੱਤਰ ਗਾਂਧੀ ਮੈਦਾਨ ਵਿੱਚ ਸ੍ਰੀ ਆਕਾਸ਼ ਲਾਮਾ ਜਨਰਲ ਸਕੱਤਰ ਆਲ ਇੰਡੀਆ ਬੁੱਧਿਸ਼ਟ ਫੋਰਮ ਅਤੇ ਭਿਖਸ਼ੂ ਸੰਘ ਦੀ ਪ੍ਰਧਾਨਗੀ ਹੇਠ ਵੱਡਾ ਇਕੱਠ ਹੋਇਆ। ਜਿਸ ਦਾ ਸਿੱਟਾ ਇਹ ਨਿੱਕਲਿਆ ਕਿ ਇਸ ਰੈਲੀ ਨੂੰ ਇੱਕ ਅੰਦੋਲਨ ਦਾ ਨਾਂ ਦਿੱਤਾ ਗਿਆ। ਯਾਦ ਰਹੇ ਕਿ ਇਸ ਰੈਲੀ ਵਿੱਚ ਪੰਜਾਬ ਤੋਂ 2 2 ਬੋਧੀ ਉਪਾਸਕ ਸ਼ਾਮਿਲ ਹੋਏ, ਜਿਨਾਂ ਵਿੱਚ ਲੇਖਕ ਵੀ ਸ਼ਾਮਿਲ ਸੀ। ਰੈਲੀ ਨੂੰ ਵੱਖ -ਵੱਖ ਦੇਸ਼ਾਂ ਵਿਦੇਸ਼ਾਂ ਤੋਂ ਆਏ ਭਿਖਸ਼ੂਆਂ, ਭਿਖਸ਼ੂਣੀਆਂ, ਉਪਾਸਕ ਅਤੇ ਉਪਾਸਕਾਵਾਂ ਦਾ ਵਿਸ਼ੇਸ਼ ਯੋਗਦਾਨ ਕਰਕੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ। ਦੁਪਹਿਰ ਤੋਂ ਬਾਅਦ ਸਾਰੇ ਉਪਾਸਕ ਅਤੇ ਉਪਾਸਕਾਵਾਂ , ਬੋਧੀ ਭਾਈਚਾਰਕ ਸਾਂਝ ਰਾਹੀਂ, ਪੂਰੇ ਅਨੁਸ਼ਾਸਨ ਅਤੇ ਸ਼ਾਂਤੀ ਨਾਲ ਪੈਦਲ ਮਾਰਚ ਬਿਹਾਰ ਸਟੇਟ ਦੇ ਮਾਨਯੋਗ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਜੀ ਦੀ ਸਰਕਾਰੀ ਰਿਹਾਇਸ਼ ‘ਤੇ ਮੈਮੋਰੰਡਮ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਬੌਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੋਧ ਗਯਾ ਮਹਾਂਬੁੱਧ ਮਹਾਂਵਿਹਾਰ ਦਾ ਨਿਰੋਲ ਕੰਟਰੋਲ ਬੋਧੀਆਂ ਨੂੰ ਸੌਂਪਿਆ ਜਾਵੇ ।

ਹੈਰਾਨੀ ਦੀ ਗੱਲ ਜਾਪਦੀ ਹੈ ਕਿ ਸਿੱਖਾਂ ਦੇ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਵਿੱਚ ਸਿਰਫ ਸਿੱਖ ਕੌਮ ਦੇ ਹੀ ਮੈਂਬਰ ਹੁੰਦੇ ਹਨ, ਦੂਸਰੀ ਕੌਮ ਜਾਂ ਵਰਗ ਦੇ ਮੈਂਬਰ ਨਹੀਂ ਹੁੰਦੇ।

ਇਸੇ ਤਰ੍ਹਾਂ ਇਸਾਈ ਮੱਤ ਦੀ ਪ੍ਰਬੰਧਕ ਕਮੇਟੀ ਵਿੱਚ ਇਸਾਈ ਮੱਤ ਦੇ ਅਹੁਦੇਦਾਰ ਹੁੰਦੇ ਹਨ, ਦੂਸਰੇ ਵਰਗ ਜਾਂ ਦੂਸਰੀ ਜਾਤ ਦਾ ਕੋਈ ਮੈਂਬਰ ਨਹੀਂ ਹੁੰਦਾ। ਇਸੇ ਤਰ੍ਹਾਂ ਹਿੰਦੂਆਂ ਦੇ ਮੰਦਰਾਂ ਦਾ ਪ੍ਰਬੰਧ ਉਨਾਂ ਦੀ ਪ੍ਰਬੰਧਕ ਕਮੇਟੀ ਖੁਦ ਆਪ ਕਰਦੀ ਹੈ, ਦੂਸਰੇ ਵਰਗਾਂ ◌ ਦਾ ਪ੍ਰਬੰਧਕ ਕਮੇਟੀ ਵਿੱਚ ਨੁਮਾਇੰਦਾ ਨਹੀਂ ਹੁੰਦਾ। ਫਿਰ ਸੋਚਣ ਵਾਲੀ ਗੱਲ ਹੈ ਕਿ ਬੋਧ ਗਯਾ ਮਹਾਂ ਬੁੱਧ ਮਹਾਂਵਿਹਾਰ ‘ਤੇ ਚਾਰ ਗੈਰ ਬੋਧੀ ਭਿਖਸ਼ੂਆਂ ਦਾ ਕਬਜ਼ਾ ਕਿਉਂ ? ਪੰਜਵਾਂ ਵਿਅਕਤੀ ਬੋਧ ਗਯਾ ਜਿਲ੍ਹੇ ਦਾ ਡੀ.ਐਮ, ਉਹ ਵੀ ਹਿੰਦੂ ਹੋਵੇਗਾ। ਅਜਿਹਾ ਕਿਉਂ ? ਇਸੇ ਗੱਲ ਦਾ ਬੋਧੀ ਭਾਈਚਾਰੇ ਵਿੱਚ ਭਾਰੀ ਰੋਸ ਹੈ। ਦੂਸਰਾ ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ। ਜ਼ਰਾ ਸੋਚੋ ਤੇ ਦੇਖੋ ਕਿ 1947 ਵਿੱਚ ਸਾਡਾ ਦੇਸ਼ ਆਜ਼ਾਦ ਹੋਇਆ। 26 ਜਨਵਰੀ 1950 ਨੂੰ ਦੇਸ਼ ਦਾ ਸੰਵਿਧਾਨ ਲਾਗੂ ਹੋਇਆ। ਜਿਸ ਵਿੱਚ ਸਭ ਤੋਂ ਵੱਧ ਮਿਹਨਤ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਕਰਨੀ ਪਈ। ਸਾਰਾ ਦੇਸ਼ ਇਸ ਸੰਵਿਧਾਨ ਦੇ ਤਹਿਤ ਚੱਲਦਾ ਹੈ। ਫਿਰ ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕਿਉਂ ਨਹੀਂ ਕੀਤਾ ਗਿਆ? ਜੋ ਅਜੇ ਤੱਕ ਉਸੇ ਤਰ੍ਹਾਂ ਚੱਲ ਰਿਹਾ। ਇਹ ਵੀ ਇੱਕ ਸੋਚੀ ਸਮਝੀ ਚਾਲ ਨਜ਼ਰ ਆ ਰਹੀ ਹੈ।




First picture. ਸਮਰਾਟ ਅਸ਼ੋਕ ਜੈਂਤੀ 5 ਅਪਰੈਲ, Thirt picture- ਆਸਟਰੇਲੀਆ ਦੇ ਐਡੀਲੇਡ ਸ਼ਹਿਰ ਵਿੱਚ ਬੋਧੀਆਂ ਵਲੋਂ ਭਾਰਤ ਵਿੱਚ ਬੋਧ ਗਯਾ ਮਹਾਂ ਵਿਹਾਰ ਨੂੰ ਗੈਰ ਬੋਧੀਆਂ ਤੋਂ ਆਜ਼ਾਦ ਕਰਾਉਣ ਲਈ ਪ੍ਰਦਰਸ਼ਨ ਕਰਦੇ ਹੋਏ।

ਬੋਧ ਗਯਾ ਮੁਕਤੀ ਅੰਦੋਲਨ ਨੂੰ ਹੋਰ ਤੇਜ਼ ਕਰਨ ਲਈ ਸ੍ਰੀ ਆਕਾਸ਼ ਲਾਮਾ ਜੀ, ਜਨਰਲ ਸਕੱਤਰ ਆਲ ਇੰਡੀਆ ਬੁੱਧਿਸਟ ਫੋਰਮ ਵਲੋਂ 27, 28 ਅਤੇ 29 ਜਨਵਰੀ 2025 ਨੂੰ ਪੰਜਾਬ ਵਿਖੇ ਬੁੱਧ ਗਯਾ ਮੁਕਤੀ ਅੰਦੋਲਨ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਦੌਰਾ ਕੀਤਾ। ਜਿੱਥੇ ਉਹਨਾਂ ਨੂੰ ਬੋਧੀ ਭਾਈਚਾਰੇ, ਬੁੱਧੀਜੀਵੀਆਂ, ਅੰਬੇਡਕਰੀ ਸਭਾਵਾਂ, ਬੁੱਧ ਵਿਹਾਰਾਂ ਦੇ ਬੋਧੀ ਉਪਾਸਕਾਂ ਅਤੇ ਉਪਾਸਕਾਵਾਂ ਵਲੋਂ ਪੂਰਨ ਸਹਿਯੋਗ ਮਿਲਿਆ। ਪੰਜਾਬੀਆਂ ਨੇ ਇਸ ਅੰਦੋਲਨ ਲਈ ਦਿਲ ਖੋਲ੍ਹ ਕੇ ਆਰਥਿਕ ਸਹਿਯੋਗ ਵੀ ਦਿੱਤਾ। ਪੰਜਾਬ ਦੇ ਬੋਧੀ ਭਾਈਚਾਰੇ ਵੱਲੋਂ ਵੱਖ -ਵੱਖ ਸੰਗਠਨਾਂ ਦੇ ਸਹਿਯੋਗ ਨਾਲ 23 ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਮੈਮੋਰੰਡਮ ਵੀ ਦਿੱਤੇ। ਪਰ ਕੋਈ ਕੇਂਦਰ ਦੀ ਸਰਕਾਰ, ਬਿਹਾਰ ਦੀ ਸਰਕਾਰ , ਮੰਤਰੀਆਂ ਨੇ ਇਸ ਅੰਦੋਲਨ ਦਾ ਕੋਈ ਹੱਲ ਅਜੇ ਤੱਕ ਨਹੀਂ ਕੀਤਾ। ਬੋਧੀ ਭਿਖਸ਼ੂਆਂ ਅਤੇ ਸਮਰਥਕਾਂ ਵੱਲੋਂ ਬਿਹਾਰ ਜ਼ਿਲ੍ਹੇ ਵਿੱਚ ਬੋਧ ਗਯਾ ਮੁਕਤੀ ਅੰਦੋਲਨ ਸ਼ੋਭਾ ਬੱਸ ਯਾਤਰਾ ਕੱਢੀ ਗਈ। ਜਿਸ ਦਾ ਉਦੇਸ਼ ਲੋਕਾਂ ਨੂੰ ਲਾਮਬੰਦ ਕਰਕੇ ਇਸ ਅੰਦੋਲਨ ਤੋਂ ਜਾਣੂ ਕਰਾਉਣਾ ਸੀ। ਇਹ ਬੱਸ ਸ਼ੋਭਾ ਯਾਤਰਾ ਵੱਖ ਵੱਖ ਜਿਲਿਆਂ, ਸ਼ਹਿਰਾਂ, ਕਸਬਿਆਂ, ਪਿੰਡਾਂ, ਗਲੀ ਮੁਹੱਲਿਆਂ ਤੱਕ ਪਹੁੰਚੀ। ਇੱਥੇ ਹੀ ਬਸ ਨਹੀਂ, 12 ਫਰਵਰੀ 2025 ਤੋਂ ਬੋਧ ਗਯਾ ਮੰਦਰ ਦੇ ਸਾਹਮਣੇ ਬੋਧ ਗਯਾ ਮੁਕਤੀ ਅੰਦੋਲਨ ਦੇ ਤਹਿਤ ਵੱਡੀ ਗਿਣਤੀ ਵਿੱਚ ਬੋਧ ਭਿਖਸ਼ੂਆਂ, ਬੋਧੀ ਉਪਾਸਕਾਂ, ਉਪਾਸਕਾਵਾਂ, ਬੁੱਧੀਜੀਵੀਆਂ, ਅੰਬੇਡਕਰੀਆਂ ਸਭਾਵਾਂ, ਵਲੋਂ ਲਗਾਤਾਰ ਭੁੱਖ ਹੜਤਾਲ ਰੱਖੀ ਗਈ। ਦੇਸ਼ਾਂ ਵਿਦੇਸ਼ਾਂ ਤੋਂ ਭਿਖਸ਼ੂ ਸੰਘ ਇਸ ਧਰਨੇ ਵਿੱਚ ਆਉਣ ਲੱਗੇ। ਧਰਨੇ ਨੂੰ ਹੋਰ ਹੁਲਾਰਾ ਮਿਲਣ ਲੱਗਾ। ਧਰਨੇ ਦੇ 16ਵੇਂ ਦਿਨ ਭਾਵ 27 ਫਰਵਰੀ 2025 ਦੀ ਰਾਤ ਨੂੰ 1 ਵਜੇ ਬਿਹਾਰ ਸਟੇਟ ਦੀ ਜ਼ਾਲਮ ਸਰਕਾਰ ਦੇ ਹੁਕਮਾਂ ਰਾਹੀਂ ਬੋਧੀਆਂ ‘ਤੇ ਪੁਲਿਸ ਪ੍ਰਸ਼ਾਸਨ ਵਲੋਂ ਧੱਕੇਸ਼ਾਹੀ, ਹਮਲਾ ਕੀਤਾ ਗਿਆ। ਜਿਸ ਵਿੱਚ ਬਜ਼ੁਰਗ ਭਿਖਸ਼ੂਆਂ ਨਾਲ ਧੱਕਾ ਮੁੱਕੀ ਕੀਤੀ ਗਈ ਅਤੇ ਉਹਨਾਂ ਨੂੰ ਬੇਇੱਜਤ ਕੀਤਾ ਗਿਆ। ਦੂਸਰੇ ਲਫਜ਼ਾਂ ਵਿੱਚ ਕਹਿ ਸਕਦੇ ਹਾਂ ਕਿ ਉਥੋਂ ਸਾਰੇ ਭਿਖਸ਼ੂਆਂ , ਉਪਾਸਕਾਵਾਂ ਅਤੇ ਉਪਾਸਕਾਂ ਨੂੰ ਧਰਨੇ ਤੋਂ ਜਬਰਦਸਤੀ ਉਠਾ ਕੇ ਅਣਦੱਸੀ ਹੋਈ ਜਗ੍ਹਾ ‘ਤੇ ਲੈ ਗਏ, ਜਿੱਥੇ ਉਹ ਭੁੱਖੇ ਪਿਆਸੇ ਰਹੇ। ਉਹਨਾਂ ‘ਤੇ ਤਸ਼ੱਦਦ ਕੀਤਾ ਗਿਆ। ਇਸ ਘਟਨਾ ਦੀ ਦੇਸ਼ -ਵਿਦੇਸ਼ ਤੋਂ ਨਿੰਦਾ ਕੀਤੀ ਗਈ। ਨਤੀਜਾ ਇਹ ਨਿਕਲਿਆ ਕਿ ਧਰਨੇ ਦੀ ਜਗ੍ਹਾ ਬਦਲ ਦਿੱਤੀ ਗਈ। ਧਰਨਾ ਉਥੋਂ ਦੋ ਕਿਲੋਮੀਟਰ ਦੂਰ ਲਗਾਉਣ ਦੀ ਪ੍ਰਸ਼ਾਸਨ ਨੇ ਬੋਧੀਆਂ ਨੂੰ ਇਜਾਜ਼ਤ ਦੇ ਦਿੱਤੀ। ਜਿੱਥੇ ਬੋਧੀਆਂ ਵੱਲੋਂ ਭੁੱਖ ਹੜਤਾਲ ਨਿਰੰਤਰ ਜਾਰੀ ਹੈ। ਬਿਹਾਰ ਸਟੇਟ ਨੇ ਧਰਨੇ ‘ਤੇ ਬੈਠੇ ਭਿਖਸ਼ੂਆਂ,ਉਪਾਸਕਾਂ,ਉਪਾਸਕਾਂਵਾਂ ਨੂੰ ਕੋਈ ਡਾਕਟਰੀ ਸਹਾਇਤਾ ਦੇਣੀ ਵੀ ਮੁਨਾਸਬ ਨਹੀਂ ਸਮਝੀ। ਬੋਧ ਗਯਾ ਦਾ ਇਹ ਮੁੱਦਾ ਪਾਰਲੀਮੈਂਟ ਵਿੱਚ ਚੰਦਰ ਸ਼ੇਖਰ ਆਜ਼ਾਦ, ਬਿਹਾਰ ਵਿਧਾਨ ਸਭਾ ਵਿੱਚ ਵਿਧਾਇਕ ਸਤੀਸ਼ ਕੁਮਾਰ ਨੇ ਉਠਾਇਆ ਗਿਆ । ਪੰਜਾਬ ਵਿਧਾਨ ਸਭਾ ਵਿੱਚ ਬਹੁਜਨ ਸਮਾਜ ਪਾਰਟੀ ਦੇ ਨਵਾਂ ਸ਼ਹਿਰ ਤੋਂ ਵਿਧਾਇਕ ਡਾਕਟਰ ਨਛੱਤਰ ਪਾਲ ਜੀ ਨੇ 27 ਮਾਰਚ 2025 ਨੂੰ ਉਠਾਇਆ ਸੀ। ਉਹਦਾ ਸਰਕਾਰ ਤੋਂ ਮੰਗ ਕੀਤੀ ਕਿ ਬੋਧ ਗਯਾ ਮਹਾਂਬੁਧ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆ ਨੂੰ ਸੌਂਪਿਆ ਜਾਵੇ ।

*ਬੌਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ।

*ਪੰਜਾਬ ਸਰਕਾਰ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕਰੇ।

*ਸੰਗੋਲ ਨੂੰ ਇਤਿਹਾਸਿਕ ਟੂਰਿਸਟ ਹੱਬ ਦੇ ਤੌਰ ‘ਤੇ ਵਿਕਸਿਤ ਕੀਤਾ ਜਾਵੇ ਤਾਂ ਜੋ ਵਿਦੇਸ਼ਾਂ ਤੋਂ ਬੋਧੀ ਭਿਖਸ਼ੂ ਅਤੇ ਉਪਾਸਕ ਯਾਤਰੀਆਂ ਦੇ ਤੌਰ ‘ਤੇ ਆ ਸਕਣ। ਜਿਸ ਨਾਲ ਸਰਕਾਰ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ।

*ਘੱਟ ਗਿਣਤੀਆਂ ਕਮਿਸ਼ਨ ਵਿੱਚ ਬੋਧੀਆਂ ਦੀ ਵੀ ਨੁਮਾਇੰਦਗੀ ਹੋਵੇ।

ਸਰਕਾਰ ਨੇ ਅਜੇ ਤੱਕ ਕੋਈ ਸੁਰ ਪਤਾ ਨਹੀਂ ਦਿੱਤਾ। ਬੋਧੀ ਭਿਖਸ਼ੂ ਭੁੱਖ ਅਤੇ ਮੌਸਮ ਵਿਚ ਆਈ ਤਬਦੀਲੀ ਕਾਰਨ ਡਿੱਗ ਰਹੇ ਹਨ ਸਰਕਾਰਾਂ ਕੋਈ ਸਾਰ ਨਹੀਂ ਲੈ ਰਹੀਆਂ। ਸਗੋਂ ਇਹਨਾਂ ਦਲਿਤ ਲੋਕਾਂ ਨੂੰ ਸਿਰਫ ਵੋਟਾਂ ਪਾਉਣ ਲਈ ਹੀ ਰੱਖਿਆ ਹੋਇਆ।

ਭਾਰਤ ਇਕ ਦੁਨੀਆਂ ਦਾ ਲੋਕਤੰਤਰਿਕ ਦੇਸ਼ ਹੈ। ਭਾਰਤੀ ਲੋਕਾਂ ਨੂੰ ਸੰਵਿਧਾਨ ਮੁਤਾਬਕ ਮੌਲਿਕ ਅਧਿਕਾਰ ਪ੍ਰਾਪਤ ਹਨ। ਇਸ ਤਰਾਂ ਮੌਲਿਕ ਅਧਿਕਾਰਾਂ ਦੇ ਮਸਲੇ ਸਰਕਾਰਾਂ ਨੇ ਹੀ ਸੁਲਝਾਉਣੇ ਹੁੰਦੇ ਹਨ। ਸੋ ਕੇਂਦਰ ਸਰਕਾਰ ਅਤੇ ਬਿਹਾਰ ਦੀ ਸਰਕਾਰ ਨੂੰ ਇਸ ਮੁੱਦੇ ‘ਤੇ ਗੰਭੀਰਤਾ ਨਾਲ ਗੌਰ ਕਰਕੇ ਤੁਰੰਤ ਬੋਧੀ ਭਾਈਚਾਰੇ ਦੇ ਮੌਲਿਕ ਅਧਿਕਾਰਾਂ ਦੀ ਰਖਵਾਲੀ ਕਰਨੀ ਚਾਹੀਦੀ ਹੈ। ਜਿਸ ਨਾਲ ਦੇਸ਼ ਵਿੱਚ ਸ਼ਾਂਤੀ ਦਾ ਮਾਹੌਲ ਪੈਦਾ ਹੋਵੇ, ਲੋਕ ਸਨਮਾਨ ਦੀ ਜ਼ਿੰਦਗੀ ਜੀ ਸਕਣ।

# ਸਰਕਾਰੀ ਪ੍ਰਾਇਮਰੀ ਸਕੂਲ ਹਰੀਪੁਰਾ ਵਿਖੇ ਗ੍ਰੈਜੂਏਸ਼ਨ ਸੈਰੇਮਨੀ ਮਨਾਈ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਸੰਗਰੂਰ,30 ਮਾਰਚ (ਜਗਸੀਰ ਸਿੰਘ)-

ਬੀਤੇ ਦਿਨੀ ਸਰਕਾਰੀ ਪ੍ਰਾਇਮਰੀ ਸਕੂਲ ਹਰੀਪੁਰਾ,ਸੰਗਰੂਰ ਵਿਖੇ ਗ੍ਰੈਜੂਏਸ਼ਨ ਸੈਰੇਮਨੀ ਮਨਾਈ ਗਈ।ਇਸ ਮੌਕੇ ਸ੍ਰੀ ਵਰਿੰਦਰ ਸਿੰਘ ਮੈਂਟਰ(ਸਰੀਰਕ ਸਿੱਖਿਆ) ਡਾਇਟ ਸੰਗਰੂਰ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ



ਸਕੂਲ ਮੁਖੀ ਪਰਮਜੀਤ ਕੌਰ ਵੱਲੋਂ ਸਮਾਗਮ ਵਿੱਚ ਪਹੁੰਚੇ ਮੁੱਖ ਮਹਿਮਾਨ ਅਤੇ ਬੱਚਿਆਂ ਦੇ ਮਾਪਿਆਂ ਦਾ ਸਵਾਗਤ ਕੀਤਾ ਗਿਆ l ਇਸ ਸਮੇਂ ਬੱਚਿਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਸਮਾਗਮ ਵਿਚ ਸਕੂਲ ਦੇ ਸਾਰੇ ਅਧਿਆਪਕਾ ਨੇ ਵਧ ਚੜ੍ਹ ਕੇ ਸਹਿਯੋਗ ਕੀਤਾ । ਯੂ.ਕੇ. ਜੀ. ਦੇ ਬੱਚਿਆਂ ਨੂੰ ਗ੍ਰੈਜੂਏਟ ਕਰਕੇ ਸਮਾਗਮ ਨੂੰ ਅੰਤਿਮ ਛੋਹਾਂ ਦਿੱਤੀਆ ਗਈਆਂ। ਅਖੀਰ ਵਿੱਚ ਅਧਿਆਪਕਾਵਾਂ ਜਸਵੀਰ ਕੌਰ ਅਤੇ ਰਿਸ਼ੂ ਰਾਣੀ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ । ਇਸ ਮੌਕੇ ਅਮਨਦੀਪ ਕੌਰ, ਨਿਸ਼ਾ ਸ਼ਰਮਾ ਉੱਭਾਵਾਲ (ਸਟੇਟ ਐਵਾਰਡੀ), ਜਸਵੀਰ ਕੌਰ, ਰਜਿੰਦਰ ਕੌਰ, ਵੀਰਪਾਲ ਕੌਰ, ਮਨਪ੍ਰੀਤ ਕੌਰ, ਮਨਪ੍ਰੀਤ ਕੌਰ, ਇੰਦਰਾਸ਼ ਕੌਰ ਅਤੇ ਹੋਰ ਪਤਵੰਤੇ ਸੱਜਣ ਮੌਜੂਦ ਰਹੇ।

# ਸਲਾਇਟ ਵਿਖੇ ਨਸ਼ਾ ਮੁਕਤੀ ‘ਰੰਗਲਾ ਪੰਜਾਬ’ ਰੈਲੀ ਦਾ ਆਯੋਜਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ ,30 ਮਾਰਚ (ਜਗਸੀਰ ਸਿੰਘ )-

ਭਾਰਤ ਸਰਕਾਰ ਦੀ ਪ੍ਰਮੁੱਖ ਤਕਨੀਕੀ ਸੰਸਥਾ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਡੀਮਡ ਯੂਨੀਵਰਸਿਟੀ) ਸਲਾਇਟ ਵਿਖੇ ਨਸ਼ਾ ਮੁਕਤੀ ‘ਰੰਗਲਾ ਪੰਜਾਬ’ ਰੈਲੀ ਦਾ ਆਯੋਜਨ ਕੀਤਾ ਗਿਆ। ਇਹ ਰੈਲੀ




ਸਲਾਈਟ ਕੈਂਪਸ ਦੇ ਕੈਮੀਕਲ ਬਲਾਕ ਦੇ ਸਾਹਮਣੇ ਤੋਂ ਸ਼ੁਰੂ ਹੋਈ ਅਤੇ ਪੂਰੇ ਕੈਂਪਸ ਵਿੱਚ ਗੂੰਜੀ,ਵਿਦਿਆਰਥੀਆਂ ਨੇ ਇਸ ਰੈਲੀ ਵਿਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਸ਼ਕਤੀਸ਼ਾਲੀ ਨਾਰਿਆਂ ਨਾਲ ਸਮਾਜ ਵਿੱਚ ਜਾਗਰੂਕਤਾ ਪੈਦਾ ਕੀਤੀ। “ਨਸ਼ਾ ਛੱਡੋ, ਜੀਵਨ ਚੁਣੋ” ਅਤੇ “ਹਮ ਸਭਕਾ ਏਕ ਹੀ ਨਾਰਾ, ਨਸ਼ਾ ਮੁਕਤ ਦੇਸ਼ ਹਮਾਰਾ” ਵਰਗੇ ਨਾਰੇ ਲੋਕਾਂ ਦੇ ਮਨਾਂ ‘ਚ ਗੂੰਜੇ। ਮਧੁਰਮ ਟੀਮ ਅਤੇ ਐੱਨ. ਐੱਸ.ਐੱਸ. ਟੀਮ ਦੇ ਸਹਿਯੋਗ ਨਾਲ ਇਹ ਇਵੈਂਟ ਕਾਮਯਾਬ ਰਿਹਾ ਅਮਨ ਕੁਮਾਰ, ਰੌਨਕ ਵਰਮਾ, ਸ਼ਾਖਸ਼ੀ ਸਿੰਘ, ਕਿਸ਼ਨ ਪਾਂਡੇ ਅਤੇ ਅਮ੍ਰਿਤਾਂਸ਼ੂ ਨੇ ਇਸਬਰੈਲੀ ਦੀ ਅਗਵਾਈ ਕੀਤੀ। ਇਸ ਇਸ ਮੁਹਿੰਮ ਨੂੰ ਸ੍ਰੀ ਵਿਨੋਦ ਕੁਮਾਰ ਮੀਨਾ ਅਤੇ ਸ੍ਰੀ ਗੁਲਸ਼ਨ ਜਾਵਾ ਵਲੋਂ ਪੂਰੀ ਤਰ੍ਹਾਂ ਸਮਰਥਨ ਮਿਲਿਆ ਤੇ 40-50 ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ ਇਹ ਰੈਲੀ ਨਸ਼ਾ ਮੁਕਤ ਭਾਰਤ ਵੱਲ ਇੱਕ ਮਜ਼ਬੂਤ ਕਦਮ ਰਿਹਾ।

# ਪਿੰਗਲਵਾੜਾ ਸਾਖਾ ਸੰਗਰੂਰ ਦਾ ਸਥਾਪਨਾ ਦਿਵਸ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

## ਬੁਲਾਰਿਆਂ ਵਲੋਂ ਭਗਤ ਪੂਰਨ ਸਿੰਘ ਜੀ ਦੇ ਉਪਦੇਸ਼ਾਂ ਨੂੰ ਅਪਨਾਉਣ ਦੀ ਲੋੜ ਤੇ ਦਿੱਤਾ ਜ਼ੋਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਸੰਗਰੂਰ,30 ਮਾਰਚ (ਜਗਸੀਰ ਲੌਂਗੋਵਾਲ)- ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਸੀ੍ ਅੰਮ੍ਰਿਤਸਰ ਵੱਲੋਂ ਸਥਾਪਿਤ ਪਿੰਗਲਵਾੜਾ ਸ਼ਾਖਾ ਸੰਗਰੂਰ ਦਾ 25 ਵਾਂ ਸਥਾਪਨਾ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਡਾ ਇੰਦਰਜੀਤ ਕੌਰ, ਤਰਲੋਚਨ ਸਿੰਘ ਚੀਮਾ, ਹਰਜੀਤ ਸਿੰਘ ਅਰੋੜਾ, ਮਾਸਟਰ ਸਤਪਾਲ ਸ਼ਰਮਾ , ਸੁਰਿੰਦਰ ਪਾਲ ਸਿੰਘ ਸਿਦਕੀ ਦੀ ਦੇਖ ਰੇਖ ਹੇਠ ਮਨਾਇਆ ਗਿਆ। ਰਾਜਵਿੰਦਰ ਸਿੰਘ ਲੱਕੀ ਤੇ ਸਮਰ ਪ੍ਰੀਤ ਸਿੰਘ ਦੁਆਰਾ ਖ਼ੂਬਸੂਰਤ ਦਿੱਖ ਵਾਲੀ ਸਟੇਜ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਵੱਲੋਂ ਸੁਸ਼ੋਭਿਤ ਕੀਤਾ ਗਿਆ। ਉਪਰੰਤ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਹਰਭਜਨ ਸਿੰਘ ਭੱਟੀ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ , ਰੇਖਾ ਰਾਣੀ ਤੇ ਕਿਰਨ ਦੂਆ ਦੀ ਨਿਗਰਾਨੀ ਵਿੱਚ ਅਤੇ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਅਤੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਸੁਸਾਇਟੀ ਸੇਵਕ ਗੁਰਿੰਦਰ ਸਿੰਘ ਗੁਜਰਾਲ, ਗੁਰਕੰਵਲ ਸਿੰਘ, ਗੁਰਿੰਦਰ ਵੀਰ ਸਿੰਘ, ਸੁਰਿੰਦਰ ਪਾਲ ਸਿੰਘ ਦੇ ਜਥਿਆਂ ਵੱਲੋਂ ਕੀਤੇ ਕੀਰਤਨ ਉਪਰੰਤ ਪਿੰਗਲਵਾੜਾ ਪਰਿਵਾਰ ਦੇ ਜੂਨੀਅਰ , ਸੀਨੀਅਰ ਗਰੁੱਪ ਦੇ ਵਿਦਿਆਰਥੀਆਂ, ਜਤਿੰਦਰ ਸਿੰਘ ਦੇ ਜਥੇ ਅਤੇ ਭਗਤ ਪੂਰਨ ਸਿੰਘ ਗੁਰਮਤਿ ਕਾਲਜ ਰੋਹਣੋਂ ਦੇ ਵਿਦਿਆਰਥੀਆਂ , ਪਿੰਗਲਵਾੜਾ ਮਾਨਾਂਵਾਲਾ ਦੇ ਬੱਚਿਆਂ ਵੱਲੋਂ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਰਾਜਵੀਰ ਸਿੰਘ ਪਿੰਗਲਵਾੜਾ ਟਰਸੱਟੀ ਦੇ ਮੰਚ ਸੰਚਾਲਨ ਦੌਰਾਨ ਪ੍ਰਸਿੱਧ ਵਿਦਵਾਨ ਤੇ ਚਿੰਤਕ ਪਿਆਰੇ ਲਾਲ ਗਰਗ, ਦਵਿੰਦਰ ਸ਼ਰਮਾ ਐਗਰੀਕਲਚਰ ਇਕਨੋਮਿਕਸ, ਡਾਕਟਰ ਦੀਪਤੀ ਨੇ ਕਿਹਾ ਕਿ ਕਾਰਪੋਰੇਟ ਮਾਡਲ, ਵਿਕਾਸ ਦੇਸ਼ ਅੰਦਰ ਕਿਰਤੀਆਂ ਨੂੰ ਹੋਰ ਕੰਗਾਲ ਬਨਾਉਣ ਦੇ ਨਾਲ ਨਾਲ ਪੰਜਾਬ ਦੇ ਵਾਤਾਵਰਨ ਨੂੰ ਮੁਢੋਂ ਵਿਗਾੜ ਦੇਵੇਗਾ।ਆਪ ਨੇ ਭਗਤ ਜੀ ਦੇ ਉਪਦੇਸ਼ਾਂ ਨੂੰ ਅਪਨਾਉਣ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਇਹ ਵੀ ਕਿਹਾ ਕਿ ਗ੍ਰਾਮ ਪੰਚਾਇਤ




ਦੇ ਸੰਵਿਧਾਨ ਨੂੰ ਲਾਗੂ ਕਰਕੇ ਲੋਕਤੰਤਰ ਨੂੰ ਤਕੜਾ ਕਰਨਾ ਸਮੇਂ ਦੀ ਲੋੜ ਹੈ। । ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਪਿੰਗਲਵਾੜਾ ਵਿਰਾਸਤ ਨੂੰ ਸੰਭਾਲਣ ਦੇ ਕਾਰਜਾਂ ਦਾ ਜਿਕਰ ਕੀਤਾ ਅਤੇ ਭਾਵਪੂਰਤ ਵਿਚਾਰ ਸਾਂਝੇ ਕੀਤੇ। ਪ੍ਰਸਿੱਧ ਸਾਹਿਤਕਾਰ ਓਮ ਪ੍ਰਕਾਸ਼ ਗਾਸੋ, ਨਿਰਮਲ ਸਿੰਘ ਰਾਜੇਵਾਲ ਰੋਹਾਣੋ ਨੇ ਡਾਕਟਰ ਇੰਦਰਜੀਤ ਕੌਰ ਅਤੇ ਤਰਲੋਚਨ ਸਿੰਘ ਚੀਮਾ ਦੀ ਸੁਚੱਜੀ ਅਗਵਾਈ ਵਿੱਚ ਮਰੀਜ਼ਾਂ ਦੀ ਸੇਵਾ ਸੰਭਾਲ ਦੇ ਸਿਹਤ ਦੇ ਕੀਤੇ ਜਾ ਸੁਚੱਜੇ ਪ੍ਰਬੰਧਾਂ ਦੀ ਸ਼ਲਾਘਾ ਕਰਦੇ ਕੀਤੀ ਅਤੇ ਇਲਾਕ਼ਾ ਨਿਵਾਸੀਆਂ ਨੂੰ ਯੋਗਦਾਨ ਪਾਉਣ ਲਈ ਕਿਹਾ। ਇਸ ਸਮੇਂ ਪਿੰਗਲਵਾੜਾ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਬਾਰੇ ਜਾਣਕਾਰੀ ਮੈਡਮ ਰਿਤੂ, ਡਾ ਦੀਪਤੀ ਅਤੇ ਐਸ ਐਸ ਛੀਨਾ ਵੱਲੋਂ ਦੇਣ ਉਪਰੰਤ ਉਨ੍ਹਾਂ ਨੂੰ ਲੋਕ ਅਰਪਣ ਦੀ ਰਸਮ ਪ੍ਰਬੰਧਕਾਂ ਦੇ ਨਾਲ ਡਾਕਟਰ ਅਮਰਜੀਤ ਸਿੰਘ ਮਾਨ, ਕੈਪਟਨ ਨਰਿੰਦਰ ਸਿੰਘ ਭੱਠਲ, ਗੁਰਮੀਤ ਕੌਰ, ਸੁਖਦਰਸ਼ਨ ਸਿੰਘ ਢਿੱਲੋਂ, ਕੁਲਵੰਤ ਸਿੰਘ ਅਕੋਈ, ਗੋਬਿੰਦ ਸਿੰਘ ਲੌਂਗੋਵਾਲ, ਜਸਪਾਲ ਸਿੰਘ ਮਾਲੇਰਕੋਟਲਾ ਆਦਿ ਨੇ ਨਿਭਾਈ। ਡਾਕਟਰ ਇੰਦਰਜੀਤ ਕੌਰ ਨੇ ਭਗਤ ਪੂਰਨ ਸਿੰਘ ਜੀ ਦੀਆਂ ਯਾਦਾਂ ਦੀ ਸਾਂਝ ਪਾਉਂਦੇ ਹੋਏ ਵਾਤਾਵਰਣ ਦੀ ਸੰਭਾਲ ਕਰਨ ਅਤੇ ਹੋਰ ਵਿਚਾਰਾਂ ਦੀ ਸਾਂਝ ਕੀਤੀ। ਆਪ ਨੇ ਗੁਰਬਾਣੀ ਦੀ ਰੌਸ਼ਨੀ ਵਿੱਚ ਭਗਤ ਪੂਰਨ ਸਿੰਘ ਦੀਆਂ ਪ੍ਰੇਰਨਾਵਾਂ ਨੂੰ ਅਪਣਾ ਕੇ ਮਨੁੱਖਤਾ, ਪਸ਼ੂ ਪੰਛੀਆਂ ਨੂੰ ਪਿਆਰ ਕਰਨ, ਅਤੇ ਲੋੜਵੰਦਾਂ ਨੂੰ ਸੰਭਾਲਣ ਦਾ ਸੰਦੇਸ਼ ਦਿੱਤਾ। ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰਬੰਧਕੀ ਸਕੱਤਰ ਨੇ ਧੰਨਵਾਦੀ ਸ਼ਬਦ ਕਹੇ।। ਇਸ ਮੌਕੇ ਤੇ ਸ੍ਰੀ ਸੁਖਮਨੀਂ ਸਾਹਿਬ ਸੇਵਾ ਸੁਸਾਇਟੀ ਵੱਲੋਂ ਰਾਜਵਿੰਦਰ ਸਿੰਘ ਲੱਕੀ ਦੇ ਨਾਲ ਗਿਆਨੀ ਮਨਦੀਪ ਸਿੰਘ ਮੁਰੀਦ, ਹਰਪ੍ਰੀਤ ਸਿੰਘ ਪ੍ਰੀਤ, ਬਲਵੰਤ ਸਿੰਘ ਨੇ ਬੀਬੀ ਇੰਦਰਜੀਤ ਕੌਰ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਪਿੰਗਲਵਾੜਾ ਟਰਸੱਟ ਸੀ੍ ਅੰਮ੍ਰਿਤਸਰ ਵੱਲੋਂ ਜਗ ਦੀਪਕ ਸਿੰਘ, ਤਿਲਕ ਰਾਜ, ਗੁਰਪ੍ਰੀਤ ਕੌਰ, ਹਰਜੀਤ ਸਿੰਘ ਅਰੋੜਾ, ਜਗਜੀਵਨ ਸਿੰਘ ਕੈਨੇਡਾ , ਸੁਰਿੰਦਰ ਪਾਲ ਸਿੰਘ ਸਿਦਕੀ, ਰਾਜਵਿੰਦਰ ਸਿੰਘ ਲੱਕੀ, ਆਦਿ ਨੇ ਸ਼ਖ਼ਸੀਅਤਾਂ ਅਤੇ ਸਹਿਯੋਗੀਆਂ ਨੂੰ ਸਨਮਾਨਿਤ ਕੀਤਾ। ਮੇਜਰ ਸਿੰਘ ਮਸਾਣੀ ਨੇ ਇਲਾਕੇ ਦੇ ਪਿੰਡਾਂ ਵੱਲੋਂ ਵੱਖ ਵੱਖ ਪ੍ਰਬੰਧਾਂ ਲਈ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਸਮਾਗਮ ਲਈ ਸੰਤ ਅਤਰ ਸਿੰਘ ਗੁਰਮਤਿ ਕਾਲਜ, ਬਾਬਾ ਸਾਹਿਬ ਦਾਸ ਸੇਵਾ ਦੱਲ, ਮਨੋਜ ਕੁਮਾਰ ਸਲਾਈਟ, ਡਾ ਜਗਦੀਪ ਸਿੰਘ ਜੈਨਪੁਰ, ਮੇਜਰ ਸਿੰਘ ਮਸਾਣੀ, ਪਰਮੇਸ਼ੁਰ ਸਿੰਘ, ਪੋ੍ ਜਸਪ੍ਰੀਤ ਸਿੰਘ ਗੁਰਮਤਿ ਕਾਲਜ ਮਸਤੂਆਣਾ ਸਾਹਿਬ, ਪੀ੍ਤਮ ਸਿੰਘ ਬਡਬਰ, ਪ੍ਰਿੰਸੀਪਲ ਬਲਵੰਤ ਸਿੰਘ, ਗੁਰਮੇਲ ਸਿੰਘ ਸਿੱਧੂ, ਵਰਿੰਦਰ ਸਿੰਘ, ਡਾ ਉਪਾਸਨਾ, ਰਾਣੀ ਬਾਲਾ, ਬੀਰਪਾਲ ਕੌਰ, ਰਵਨੀਤ ਕੌਰ ਪਿੰਕੀ, ਰਿਤੂ, ਮਨਦੀਪ ਕੌਰ ਚੱਠੇ, ਸਰਬਜੀਤ ਸਿੰਘ, ਅਮਨਦੀਪ ਕੌਰ, ਗੁਰਮੇਲ ਸਿੰਘ ਅਤੇ ਮੁੱਖ ਦਫਤਰ ਸੀ੍ ਅੰਮ੍ਰਿਤਸਰ ਵੱਲੋਂ ਦਲਵਿੰਦਰ ਸਿੰਘ, ਸੰਦੀਪ ਸਿੰਘ, ਨਿਸ਼ਾਨ ਸਿੰਘ, ਰਾਜਵਿੰਦਰ ਸਿੰਘ, ਗੁਰਪੀ੍ਤ ਕੌਰ ਅਤੇ ਹੋਰ ਇਲਾਕੇ ਦੀ ਪੰਚਾਇਤਾਂ, ਸੰਸਥਾਵਾਂ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ। ਰਣਜੀਤ ਆਈ ਹਸਪਤਾਲ ਵੱਲੋਂ ਵਿਸ਼ੇਸ਼ ਕਾਊਂਟਰ ਲਗਾਇਆ ਗਿਆ। ਇਸ ਮੌਕੇ ਤੇ ਡਾ ਗੁਨਿੰਦਰਜੀਤ ਸਿੰਘ ਜਵੰਧਾ ਚੇਅਰਮੈਨ ਇਨਫੋਟੈਕ, ਬਾਬੂ ਪ੍ਰਕਾਸ਼ ਚੰਦ ਗਰਗ,ਗੁਲਜ਼ਾਰ ਸਿੰਘ ਕੱਟੂ, ਰਾਜ ਕੁਮਾਰ ਅਰੋੜਾ,, ਡਾ ਪਰਮਿੰਦਰ ਕੌਰ , ਰੁਪਿੰਦਰਜੀਤ ਕੌਰ, ਡਾ ਮੱਘਰ ਸਿੰਘ, ਡਾ ਨਿਰਮਲ ਸਿੰਘ, ਇੰਦਰਜੋਤ ਕੌਰ, ਡਾ ਅਮਨਪ੍ਰੀਤ ਕੌਰ, ਡਾ ਇੰਦਰਮਨਜੋਤ ਸਿੰਘ, ਡਾ ਤਾਰਨ ਸਿੰਘ ਐਡਵੋਕੇਟ, ਡਾ ਸਤਵੀਰ ਸਿੰਘ,ਡਾ ਇੰਦਰਾਜੋਤ ਕੌਰ, ਗੁਰਤੇਗ ਸਿੰਘ ਐਡਵੋਕੇਟ ਲੌਂਗੋਵਾਲ, ਡਾ ਸੁਖਵਿੰਦਰ ਸਿੰਘ ਬਬਲਾ, ਪਰਮਪਾਲ ਸਿੰਘ ਕੈਨੇਡਾ, ਪ੍ਸ਼ੋਤਮ ਸਿੰਘ, ਰਣਜੀਤ ਸਿੰਘ ਸੋਹੀ, ਕੁਲਵੀਰ ਸਿੰਘ ਕਮਾਲਪੁਰ, ਕੈਪਟਨ ਧਰਮਪਾਲ ਫਰੀਦਕੋਟ, ਗਿਆਨੀ ਗੁਰਬਚਨ ਸਿੰਘ, ਹਰਦੀਪ ਸਿੰਘ ਸਾਹਨੀ, ਜਸਵੀਰ ਸਿੰਘ ਖਾਲਸਾ, ਕਰਨੈਲ ਸਿੰਘ ਸ਼ੇਖੋਂ, ਸਰਬਜੀਤ ਸਿੰਘ ਰੇਖੀ, ਸੁਭਾਸ਼ ਕਰਾੜੀਆ, ਕਲੀ ਰਾਮ ਗਰਗ, ਹਰਜੀਤ ਸਿੰਘ ਢੀਂਗਰਾ, ਗੁਲਜ਼ਾਰ ਸਿੰਘ, ਕਰਤਾਰ ਸਿੰਘ ,ਪੋ੍ ਨਰਿੰਦਰ ਸਿੰਘ, ਹਰਕੀਰਤ ਕੌਰ, ਸੁਰਿੰਦਰ ਕੌਰ , ਕੁਲਵੀਰ ਸਿੰਘ ਕਮਾਲਪੁਰ , ਸੁਰਜੀਤ ਸਿੰਘ ਜਿਲਾ ਪ੍ਰਧਾਨ ਕਿਸਾਨ ਯੂਨੀਅਨ ਸਿੱਧੂਪੁਰ, ਪਰਮੇਸ਼ੁਰ ਸਿੰਘ, ਬਹਾਦਰ ਸਿੰਘ , ਕਰਨੈਲ ਸਿੰਘ, ਸਵਰਨ ਸਿੰਘ ਰਾਜੇਵਾਲ , ਰਾਜਿੰਦਰ ਸਿੰਘ ਚੰਗਾਲ, ਬਲਵੰਤ ਸਿੰਘ ਚੰਗਾਲ, ਰਾਜੇਸ਼ ਕੁਮਾਰ, ਸੁਖਦਰਸ਼ਨ ਸਿੰਘ ਢਿੱਲੋਂ,ਰਾਮ ਪ੍ਰਕਾਸ਼ ਸਿੰਘ, ਲਖਵੀਰ ਸਿੰਘ , ਕਰਮਜੀਤ ਸਿੰਘ, ਹਰਬੰਤ ਸਿੰਘ, ਜਸਵਿੰਦਰ ਸਿੰਘ ਭੁੱਲਰ, ਜਗਰ ਸਿੰਘ, ਸ਼ੇਰ ਸਿੰਘ, ਮਹਿਕਪ੍ਰੀਤ ਸਿੰਘ, ਗੁਰਦੀਪ ਸਿੰਘ, ਜਗਸੀਰ ਸਿੰਘ, ਗੁਰਲਵਦੀਪ ਸਿੰਘ, ਸੁਰਿੰਦਰ ਕੌਰ, ਸਰਲਾ ਦੇਵੀ, ਰਾਮੇਸ਼ ਕੁਮਾਰੀ ਆਦਿ ਸਮੇਤ ਸ਼ਹਿਰੀ ਅਤੇ ਜੈਨਪੁਰ , ਜਖੇਪਲ, ਮਹਿਲਾਂ, ਗਗੜਪੁਰ ਅਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਪਿੰਗਲਵਾੜਾ ਪਰਿਵਾਰ ਵੱਲੋਂ ਹੱਥੀਂ ਵੀ ਤਿਆਰ ਕੀਤੀਆਂ ਕਲਾਂ ਕਿਰਤਾਂ ਅਤੇ ਭਗਤ ਪੂਰਨ ਸਿੰਘ ਜੀ ਦੇ ਜੀਵਨ ਇਤਿਹਾਸ ਸਬੰਧੀ ਲਗਾਈ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਸਮਾਗਮ ਦੌਰਾਨ ਵੱਖ ਵੱਖ ਮਿਠਿਆਈਆਂ, ਲੱਸੀ, ਚਾਹ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਮਾਣਯੋਗ ਹਾਈ ਕੋਰਟ ‘ਚ ਹਲਫ਼ਨਾਮਾ ਦੇਣ ਦੇ ਬਾਵਜੂਦ ਨਿਗਮ ਨੇ ਨਹੀਂ ਹਟਾਏ ਕੂੜੇ ਦੇ ਡੰਪ - ਵਾਲੀਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਫਗਵਾੜਾ 30 ਮਾਰਚ (ਸ਼ਿਵ ਕੌੜਾ) ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਪ੍ਰਧਾਨ ਤਰਨਜੀਤ ਸਿੰਘ ਬੰਟੀ ਵਾਲੀਆ ਨਗਰ ਕੌਂਸਲਰ ਨੇ ਕਾਰਪੋਰੇਸ਼ਨ ਫਗਵਾੜਾ ’ਤੇ ਮਾਣਯੋਗ ਹਾਈ ਕੋਰਟ ਦੀ ਉਲੰਘਣਾ ਦਾ ਦੋਸ਼ ਲਗਾਉਂਦੇ ਹੋਏ ਅੱਜ ਕਿਹਾ ਕਿ ਸਾਲ 2018 ਵਿੱਚ ਨਗਰ ਨਿਗਮ ਫਗਵਾੜਾ ਵਲੋਂ ਹਾਈ ਕੋਰਟ ਵਿੱਚ ਹਲਫ਼ਨਾਮਾ ਦੇ ਕੇ ਸ਼ਹਿਰ ‘ਚ ਬਣੇ ਕੂੜੇ ਦੇ ਡੰਪ ਪੱਕੇ ਤੌਰ ਤੇ ਹਟਾਉਣ ਦੀ ਗੱਲ ਕਹੀ ਸੀ ਪਰ ਅੱਜ ਤੱਕ ਆਪਣੇ ਹਲਫਨਾਮੇ ‘ਤੇ ਅਮਲ ਨਹੀਂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਾਲ 2018 ਵਿੱਚ, ਉਨ੍ਹਾਂ ਨੇ ਇਸ ਸਬੰਧ ਵਿੱਚ ਮਾਣਯੋਗ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਸੀ.ਡਬਲਯੂ.ਪੀ.-ਪੀ.ਆਈ.ਐਲ. 23341-2018 ਦਾਇਰ ਕੀਤੀ ਸੀ। ਜਿਸ ਵਿੱਚ ਨੈਸ਼ਨਲ ਹਾਈ-ਵੇ ਓਵਰਬ੍ਰਿਜ ਦੇ ਨਾਲ ਸਥਿਤ ਕੂੜੇ ਦੇ ਡੰਪਿੰਗ ਬਿਨ ਨੂੰ ਹਟਾਉਣ ਦਾ ਕਾਰਪੋਰੇਸ਼ਨ ਨੂੰ ਆਦੇਸ਼ ਜਾਰੀ ਕਰਨ ਦੀ ਮੰਗ ਕੀਤੀ ਗਈ ਸੀ। ਬੰਟੀ ਵਾਲੀਆ ਅਨੁਸਾਰ ਉਹਨਾਂ ਨੇ ਮਾਣਯੋਗ ਅਦਾਲਤ ਨੂੰ ਦੱਸਿਆ ਸੀ ਕਿ ਇਹ ਇਲਾਕਾ ਫਗਵਾੜਾ ਸ਼ਹਿਰ ਦੇ ਮੱਧ ਵਿੱਚ ਸਥਿਤ ਹੈ, ਜੋ ਰਿਹਾਇਸ਼ੀ ਖੇਤਰ ਅਤੇ ਧਾਰਮਿਕ ਅਤੇ ਵਪਾਰਕ ਇਮਾਰਤਾਂ ਨਾਲ ਘਿਰਿਆ ਹੋਇਆ ਹੈ। ਜਿਸ ’ਤੇ ਮਾਣਯੋਗ ਅਦਾਲਤ ਨੇ ਫਗਵਾੜਾ ਕਾਰਪੋਰੇਸ਼ਨ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ। ਜਵਾਬੀ ਹਲਫ਼ਨਾਮੇ ਵਿੱਚ, ਨਿਗਮ ਦੇ ਤਤਕਾਲੀ ਅਧਿਕਾਰੀ ਨੇ ਖੁਦ ਅਦਾਲਤ ਵਿੱਚ ਪੇਸ਼ ਹੋ ਕੇ 25.09.18 ਨੂੰ ਆਪਣੇ ਵਕੀਲ ਰਾਹੀਂ ਦੱਸਿਆ ਕਿ ਇੱਕ ਯੋਜਨਾ ਤਿਆਰ ਕੀਤੀ ਗਈ ਹੈ ਜਿਸ ਤਹਿਤ ਹੁਣ ਹਰ ਘਰਾਂ ਤੋਂ ਕੂੜਾ ਇਕੱਠਾ ਕੀਤਾ ਜਾਵੇਗਾ ਅਤੇ ਸ਼ਹਿਰ ਤੋਂ ਲਗਭਗ 12 ਕਿਲੋਮੀਟਰ ਦੂਰ ਸਥਿਤ ਡੰਪਿੰਗ ਗਰਾਊਂਡ ਵਿੱਚ ਸੁੱਟਿਆ ਜਾਵੇਗਾ। ਇਸ ਦੌਰਾਨ, ਨੈਸ਼ਨਲ ਹਾਈਵੇਅ ਪੁਲ ਦੇ ਨਾਲ ਨਗਰ ਨਿਗਮ ਖੇਤਰ ਵਿੱਚ ਸੁੱਟੇ ਗਏ ਕੂੜੇ ਨੂੰ ਵੀ ਹਟਾ ਕੇ ਡੰਪਿੰਗ ਯਾਰਡ ਵਿੱਚ ਸੁੱਟਣ ਦੀ ਗੱਲ ਕਹੀ ਗਈ ਸੀ। ਉਹਨਾਂ ਦੱਸਿਆ ਕਿ ਕਾਰਪੋਰੇਸ਼ਨ ਨੇ ਅਦਾਲਤ ਦਾ ਹੁਕਮ ਮੰਨਦੇ ਹੋਏ ਓਵਰਬ੍ਰਿਜ ਹੇਠਾਂ ਬਣੇ ਕੂੜੇ ਦੇ ਡੰਪ ਨੂੰ ਤਾਂ ਹਟਾ ਲਿਆ ਪਰ ਸ਼ਹਿਰ ਦੇ ਹੋਰਨਾਂ ਇਲਾਕਿਆਂ ਵਿਚ ਅਦਾਲਤੀ ਆਦੇਸ਼ ਦੀ ਪਾਲਣਾ ਨਹੀਂ ਕੀਤੀ ਗਈ। ਸੰਘਣੀ ਆਬਾਦੀ, ਧਾਰਮਿਕ ਅਸਥਾਨਾਂ, ਪਾਰਕਾਂ ਅਤੇ ਵਿਦਿਆ



ਕੇਂਦਰਾਂ ਦੇ ਨੇੜੇ ਅੱਜ ਵੀ ਉਸੇ ਤਰ੍ਹਾਂ ਕੂੜੇ ਦੇ ਡੰਪ ਬਣੇ ਹੋਏ ਹਨ। ਜੋ ਕਿ ਮਾਣਯੋਗ ਹਾਈਕੋਰਟ ਦੀ ਸਿੱਧੇ ਤੌਰ ਤੇ ਅਵੱਗਿਆ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕਾਰਪੋਰੇਸ਼ਨ ਫਗਵਾੜਾ ਇਸੇ ਤਰ੍ਹਾਂ ਅਦਾਲਤ ਦੀ ਅਵੱਗਿਆ ਕਰਦੀ ਰਹੀ ਅਤੇ ਘਰਾਂ ਤੋਂ ਕੂੜਾ ਇਕੱਠਾ ਕਰਕੇ 12 ਕਿਲੋਮੀਟਰ ਦੂਰ ਡੰਪਿੰਗ ਗਰਾਊਂਡ ਵਿੱਚ ਸਿੱਧਾ ਸੁੱਟਣ ਦੇ ਆਪਣੇ ਵਾਅਦੇ ਨੂੰ ਲਾਗੂ ਨਹੀਂ ਕੀਤਾ ਤਾਂ ਉਨ੍ਹਾਂ ਨੂੰ ਦੁਬਾਰਾ ਮਾਨਯੋਗ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਵੇਗਾ।

# ਪੰਜਾਬ ਸਰਕਾਰ ਵੱਲੋਂ ਕਾਨੂੰਨ ਨੂੰ ਛਿੱਕੇ ਟੰਗ ਕੇ ਪੰਚਾਇਤਾਂ ਦੇ ਕਰਵਾਏ ਜਾ ਰਹੇ ਡੰਮੀ ਅਜਲਾਸ: ਪੇਂਡੂ ਮਜ਼ਦੂਰ ਯੂਨੀਅਨ ਪੰਜਾਬ

## ਪੇਂਡੂ ਮਜ਼ਦੂਰ ਯੂਨੀਅਨ ਨੇ ਕੀਤਾ ਵਿਰੋਧ ਬਦਲਾਅ ਪੂਰੀ ਤਰ੍ਹਾਂ ਬੌਂਦਲ ਗਿਆ: ਤਰਸੇਮ ਪੀਟਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 30 ਮਾਰਚ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ/ਜਲੰਧਰ, 30 ਮਾਰਚ, 2025: ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਦੋਸ਼ ਲਗਾਇਆ ਹੈ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਦਾ ਬਦਲਾਅ ਪੂਰੀ ਤਰ੍ਹਾਂ ਬੌਂਦਲ ਗਿਆ ਹੈ। ਜਿਸ ਤਹਿਤ ਸੂਬਾ ਸਰਕਾਰ ਨੇ ਖ਼ੁਦ ਪੰਚਾਇਤੀ ਰਾਜ ਐਕਟ ਦੀਆਂ ਧੱਜੀਆਂ ਉਡਾਉਂਦੇ ਹੋਏ 29 ਅਤੇ 30 ਮਾਰਚ ਨੂੰ ਪੰਜਾਬ ਭਰ ਦੇ ਪਿੰਡਾਂ ਵਿੱਚ ਪੰਚਾਇਤਾਂ ਗ੍ਰਾਮ ਸਭਾ ਅਜਲਾਸ ਅਜਲਾਸ ਕਰਕੇ ਰਿਪੋਰਟ ਭੇਜਣ ਲਈ ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਆਦੇਸ਼ ਜਾਰੀ ਕੀਤੇ ਹਨ।ਦੂਜੇ ਪਾਸੇ ਹੇਠਲੇ ਅਧਿਕਾਰੀ ਇਸ ਗੈਰਕਾਨੂੰਨੀ ਕੰਮ ਨੂੰ ਦਬਾਅ ਹੇਠ ਅੰਜਾਮ ਦੇਣ ਲਈ ਪਿੰਡ



ਕੈਪਸਨ: ਜਾਣਕਾਰੀ ਦਿੰਦੇ ਹੋਏ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਹੋਰ।

ਪਿੰਡ ਜਾ ਰਹੇ ਹਨ ਅਤੇ ਇਸ ਕੰਮ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਵੀ ਅੱਖਾਂ ਮੀਚ ਕੇ ਸਾਥ ਦੇ ਰਹੀਆਂ ਹਨ।ਦੂਜੇ ਪਾਸੇ ਅਚਾਨਕ ਖ਼ਬਰ ਲੱਗਣ ‘ਤੇ ਅਜਲਾਸ ਵਿੱਚ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਵਾਂਝੇ ਰਹਿ ਗਏ ਹਨ।

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਤਰਸੇਮ ਪੀਟਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਪੰਚਾਇਤੀ ਰਾਜ ਐਕਟ ਤਹਿਤ ਗ੍ਰਾਮ ਸਭਾ ਅਜਲਾਸ ਲਈ 15 ਦਿਨ ਦਾ ਅਗਾਊਂ ਨੋਟਿਸ ਦੇਣਾ ਹੁੰਦਾ ਹੈ ਤਾਂ ਹਰ ਵੋਟਰ ਜੋ ਕਿ ਗ੍ਰਾਂਮ ਦਾ ਮੈਂਬਰ ਹੁੰਦਾ ਹੈ ਨੂੰ ਅਜਲਾਸ ਵਿੱਚ ਆਪਣੀ ਗੱਲ ਕਹਿਣ, ਕੋਈ ਮਤਾ ਪੇਸ ਕਰਨ ਅਤੇ ਕਿਸੇ ਮਤੇ ਉੱਪਰ ਕਿੰਤੂ ਪ੍ਰੰਤੂ ਕਰਨ ਦਾ ਮੌਕਾ ਮਿਲ ਸਕੇ ਪ੍ਰੰਤੂ ਬੌਂਦਲੀ ਹੋਈ ਸਰਕਾਰ ਨੇ ਜਿੱਥੇ ਖ਼ੁਦ ਕਾਨੂੰਨ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਉੱਥੇ ਪਿੰਡ ਦੀ ਕਾਨੂੰਨਣ ਪਾਰਲੀਮੈਂਟ ਦੇ ਮੈਂਬਰਾਂ ਦੇ ਸੰਵਿਧਾਨਕ ਅਧਿਕਾਰ ਨੂੰ ਕੁਚਲ ਕੇ ਰੱਖ ਦਿੱਤਾ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਲੋੜਵੰਦਾਂ ਨੂੰ ਮਕਾਨ ਉਸਾਰੀ ਲਈ ਮਿਲਣ ਵਾਲੀ ਗ੍ਰਾਂਟ, ਮਗਨਰੇਗਾ ਤਹਿਤ ਕਿਹੜਾ ਕਿਹੜਾ ਕੰਮ ਹੋ ਸਕਦਾ, ਲੋੜਵੰਦਾਂ ਨੂੰ ਪਲਾਟ, ਵਿਦਿਆ, ਸਿਹਤ ਸਹੂਲਤਾਂ ਜਾਂ ਹੋਰ ਕੋਈ ਹੋਣ ਵਾਲੇ ਵਗੈਰਾ ਵਗੈਰਾ ਕੰਮਾਂ ਦੇ ਲਾਭ ਲੈਣ ਸੰਬੰਧੀ ਗ੍ਰਾਮ ਸਭਾ ਅਜਲਾਸ ਵਿੱਚ ਮਤਾ ਪਾਸ ਹੋਣਾ ਜ਼ਰੂਰੀ ਹੈ। ਇਸ ਕੰਮ ਨੂੰ ਪਾਰਦਰਸ਼ਤਾ ਢੰਗ ਨਾਲ ਕਰਨ ਦੀ ਥਾ ਅਫ਼ਸਰਸ਼ਾਹੀ ਅਤੇ ਪੰਚਾਇਤਾਂ ਉੱਪਰ ਕਾਬਜ਼ ਲੋਕ ਆਪਣੀ ਮਨਮਰਜ਼ੀ ਕਰਨ ਦੀ ਖੁੱਲ੍ਹ ਦੇਣ ਲਈ ਜਾਣਬੁੱਝ ਕੇ ਮਾਨ ਸਰਕਾਰ ਨੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ ਅਤੇ ਬਿਨ੍ਹਾਂ ਪੂਰੇ ਕੋਰਮ ਤੋਂ ਫਰਜ਼ੀ ਅਜਲਾਸ ਕਰਵਾ ਕੇ ਲੋਕਾਂ ਦੇ ਅੱਖੀਂ ਘੱਟਾ ਪਾਇਆ ਗਿਆ ਹੈ। ਇਸ ਦੀ ਸਭ ਲੋਕਾਂ ਨੂੰ ਡੱਟਵੀਂ ਵਿਰੋਧਤਾ ਕਰਨੀ ਚਾਹੀਦੀ ਹੈ।

# ਦੀਪ ਡੈਂਟਲ ਕੇਅਰ ਐਂਡ ਫਿਜ਼ੀਓਥੈਰੇਪੀ ਸੈਂਟਰ (ਗੁਣਵੱਤਾ ਇਲਾਜ ਲਈ ਜਾਣਿਆ ਜਾਂਦਾ ਹੈ)

SCF-12, ਪਹਿਲੀ ਮੰਜ਼ਿਲ, ਮਾਨ ਕੰਪਲੈਕਸ, ਅਨੇਜਾ ਸਵੀਟਸ, ਅਰਬਨ ਅਸਟੇਟ, ਫੇਜ਼-2, ਪਟਿਆਲਾ।




M. 62839-68854, PH.: 0175-5018864
ਈਮੇਲ: deepdentalandoralcare@gmail.com

# ਓਰਬਿਸ ਆਈ ਹਸਪਤਾਲ SCF 20, SST ਨਗਰ, ਨੇੜੇ ਹੋਟਲ ਇਕਬਾਲ ਇਨ, ਪਟਿਆਲਾ




1. ਪਟਿਆਲਾ- ਓਰਬਿਸ ਅੱਖਾਂ ਦਾ ਹਸਪਤਾਲ ਐਸ.ਸੀ.ਐਫ-20, ਐਸ.ਐਸ.ਟੀ ਨਗਰ, ਨੇੜੇ ਹੋਟਲ ਇਕਬਾਲ ਇਨ, ਰਾਜਪੁਰਾ ਰੋਡ, ਪਟਿਆਲਾ ਵਿਖੇ --ਹਰ ਬੁੱਧਵਾਰ ਨੂੰ 10.00 ਤੋਂ 1.00 ਵਜੇ ਤੱਕ
2. ਪਟਿਆਲਾ - ਸ੍ਰੀ ਕਾਲੀ ਮਾਤਾ ਮੰਦਿਰ, ਮਾਲ ਰੋਡ, ਵਿਖੇ ਹਰ ਸ਼ਨੀਵਾਰ ਨੂੰ 12.00 ਤੋਂ 2.00 ਵਜੇ ਤੱਕ
3. ਧੂਰੀ ਵਿਖੇ- ਓਰਬਿਸ ਅੱਖਾਂ ਦਾ ਹਸਪਤਾਲ ਮਾਲਗੋਦਾਮ ਰੋਡ, ਹਰ ਵੀਰਵਾਰ ਨੂੰ 10.00 ਤੋਂ 1.00 ਵਜੇ ਤੱਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ INTERNATIONAL PAPER, 94636 01616 hardipchumber57@gmail.com

ਕੋਈ ਪਰਚੀ ਫੀਸ ਨਹੀਂ ਲਈ ਜਾਂਦੀ

ਸਹੂਲਤਾਂ ਉਪਲੱਬਧ

ਭੈਂਗਾਪਣ, ਫੈਕੋ (ਮੋਤੀਆ ਬਿੰਦ ਦਾ ਅਪਰੇਸ਼ਨ), ਕਾਲਾ ਮੋਤੀਆ, ਅੰਦਰੂਨੀ ਸੰਪਰਕ ਲੇਨਜ,ਲੈਸਿਕ ਲੇਜਰ ਸਰਜਰੀ, ਗਰੀਨ ਲੇਜਰ ਡਾਇਬਿਟਕ ਰੈਟੀਨੋਪੈਥੀ ਲਈ, ND YAG ਲੇਜ਼ਰ, ਐ.ਸੀ.ਟੀ., ਓਪਟੀਕਲ ਸੈਕਸ਼ਨ ਮੁਫਤ ਚੈਕ ਅਪ ਲਈ ਹਰ ਬੁੱਧਵਾਰ

ਡਾ. ਧਰਮਵੀਰ ਚਾਲ੍ਹੀਆਂ
ਪ੍ਰੋਫੈਸਰ ਅਤੇ ਮੁੱਖੀ ਅੱਖ ਵਿਭਾਗ (ਐਕਸ), ਰਾਜਿੰਦਰਾ ਹਸਪਤਾਲ, ਪਟਿਆਲਾ।

Mr. Vinod Kumar (Senior Ophthalmic Officer)
ORBIS EYE HOSPITAL

ਸੰਪਰਕ : 79862-19782, 94638-90982, 98155-01082


"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

# "ਮਿੱਠ ਬੋਲੜਾ ਜੀ, ਹਰਿ ਸਜਣੁ ਸੁਆਮੀ ਮੇਰਾ

ਮਨਪ੍ਰੀਤ ਕੌਰ
ਬਾਬਾ ਫ਼ਰੀਦ ਕਾਲਜ਼ ਆਫ਼ ਐਜਕੇਸ਼ਨ ਦਿਉਣ (ਬਠਿੰਡਾ),



ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ,
ਮੋਬਾਇਲ 98888-70822,

ਮਿੱਠਾ ਬੋਲਣਾ ਜ਼ਰੂਰੀ ਹੈ,ਜੇਕਰ ਕੌੜਾ ਬੋਲਾਂਗੇ ਤਾਂ ਸ਼ਾਇਦ ਕਿਸੇ ਨੂੰ ਵੀ ਚੰਗਾ ਨਹੀਂ ਲੱਗੇਗਾ, ਜਿਹੜਾ ਇਨਸਾਨ ਆਪ ਕੌੜਾ ਜਾਂ ਰੁੱਖਾ ਬੋਲਦਾ ਹੈ, ਉਸ ਨਾਲ ਵੀ ਕੋਈ ਕੌੜਾ ਬੋਲੇਗਾ ਤਾਂ ਉਸ ਨੂੰ ਵੀ ਚੰਗਾ ਨਹੀਂ ਲੱਗੇਗਾ, ਫਿਰ ਅਸੀਂ ਕਿਉਂ ਕੌੜਾ ਬੋਲਦੇ ਹਾਂ...? ਪ੍ਰਮਾਤਮਾ ਨੂੰ ਮਿੱਠਾ ਬੋਲਣ ਵਾਲੇ ਭਾਉਂਦੇ ਹਨ, ਕਿਉਂਕਿ ਉਹ ਅਕਾਲ ਪੁਰਖ ਆਪ ਮਿੱਠਾ ਹੈ।

ਗੁਰਬਾਣੀ ਮਾਖਿਓਂ ਮਿੱਠੀ ਹੈ। ਜੇ ਅਸੀਂ ਧਿਆਨ ਨਾਲ ਸੁਣੀਏ ਤਾਂ ਪਤਾ ਲੱਗਦਾ ਹੈ ਕਿ ਹਰ ਸ਼ਬਦ ਵਿਚ ਮਿਠਾਸ ਭਰੀ ਪਈ ਹੈ, ਜਿੰਨੀ ਅਸੀਂ ਗੁਰਬਾਣੀ ਪੜ੍ਹਦੇ ਹਾਂ, ਅਸੀਂ ਓਨਾ ਹੀ ਮਿੱਠਾ ਬੋਲਦੇ ਹਾਂ, ਗੁਰਬਾਣੀ ਪੜ੍ਹਨ ਵਾਲੇ ਲੱਗਦਾ ਕੌੜਾ ਬੋਲ ਹੀ ਨਹੀਂ ਸਕਦੇ। ਪ੍ਰਮਾਤਮਾ ਆਪ ਮਿੱਠਾ ਹੈ, ਉਸ ਨੂੰ ਮੰਨਣ ਵਾਲੇ ਕੌੜੇ ਨਹੀਂ ਹੋ ਸਕਦੇ, ਪਰ ਕਿ ਇਹ ਸੱਚ ਹੈ ਜਾਂ ਝੂਠ ਹੈ, ਇਹ ਸਾਡੀ ਰੋਜ਼ ਦੀ ਜ਼ਿੰਦਗੀ ਵਿਚ ਵਿਚਰਦੀਆਂ ਗੱਲਾਂ ਹਨ। ਰੱਬ ਨੂੰ ਪਿਆਰ ਕਰਨ ਵਾਲਾ ਰੱਬ ਦਾ ਪਿਆਰਾ ਮਿੱਠਾ ਹੀ ਬੋਲੇਗਾ। ਕਦੇ-ਕਦੇ ਇਸ ਤਰ੍ਹਾਂ ਦੇ ਇਨਸਾਨ ਮਿਲਦੇ ਹਨ, ਜਿਨ੍ਹਾਂ ਦੀਆਂ ਗੱਲਾਂ ਸੁਣਨ ਤੋਂ ਬਾਅਦ ਅਸੀਂ ਆਪਮੁਹਾਰੇ ਹੀ ਕਹਿ ਦਿੰਦੇ ਹਾਂ ਕਿ ਉਸ ਦੇ ਬੋਲ ਤਾਂ ਕੰਨਾਂ ਵਿਚ ਸੰਗੀਤ ਵਾਂਗ ਸੁਣਦੇ ਹਨ। ਬਹੁਤ ਸਾਰੀਆਂ ਚੀਜ਼ਾਂ ਨਾਲ ਮੁਕਾਬਲਾ ਕਰ ਦਿੰਦੇ ਹਾਂ। ਕਈ ਵਾਰੀ ਕਈ ਇਨਸਾਨ ਸ਼ਕਲ ਤੋਂ ਭਾਵੇਂ ਇੰਨੇ ਪ੍ਰਭਾਵਸ਼ਾਲੀ ਨਹੀਂ ਹੁੰਦੇ, ਪਰ ਜਦ ਅਸੀਂ ਉਨ੍ਹਾਂ ਦੇ ਬੋਲ ਸੁਣਦੇ ਹਾਂ, ਮਾਨੋਂ ਕੰਨਾਂ ਵਿਚ ਰਸ ਘੁਲਦਾ ਹੈ ਅਤੇ ਕਈ ਵਾਰੀ ਖੂਬਸੂਰਤ ਦਿੱਸਣ ਵਾਲੇ ਇਨਸਾਨ ਜਦ ਅਸੀਂ ਬਲਦਾ ਸੁਣਦੇ ਹਾਂ ਤਾਂ ਕਹਿ ਦਿੰਦੇ ਹਾਂ, ਦੇਖਣ ਨੂੰ ਸੋਹਣਾ ਹੈ ਪਰ ਕਿਨਾ ਰੁੱਖਾ ਬੋਲਦਾ ਹੈ, ਭੌਰਾ ਮਿਠਾਸ ਨਾਲ ਨਹੀਂ ਬੋਲਦਾ। ਆਵਾਜ਼ ਤਾਂ ਪ੍ਰਮਾਤਮਾ ਦੀ ਦੇਣ ਹੈ, ਕੋਈ ਭਾਗੋ ਆਵਾਜ਼ ਦਾ ਮਾਲਕ ਹੈ ਅਤੇ ਕੋਈ ਪਤਲੀ ਆਵਾਜ਼ ਦਾ ਮਾਲਕ ਹੈ, ਪਰ ਮਿਠਾਪਣ ਤਾਂ ਸ਼ਬਦਾਂ ਵਿਚ ਹੋਣਾ ਜ਼ਰੂਰੀ ਹੈ, ਆਵਾਜ਼ ਆਪਣੇ ਆਪ ਹੀ ਸੋਹਣੀ ਬਣ ਜਾਂਦੀ ਹੈ।

ਇਕ ਵਾਰੀ ਵੀਰ ਭੁਪਿੰਦਰ ਸਿੰਘ ਹੋਰਾਂ ਦੀ ਕੈਸਿਟ ਸੁਣ ਰਹੇ ਸੀ। ਉਨ੍ਹਾਂ ਨੇ ਬਹੁਤ ਹੀ ਵਧੀਆ ਉਦਾਹਰਣ ਦੱਸਦੇ ਹੋਏ ਕਿਹਾ ਕਿ ਇਕ ਲੜਕਾ ਜੋ ਝੂਠ ਬੋਲਦਾ, ਫਿੱਕਾ ਬੋਲਦਾ, ਦੂਜਿਆਂ ਦਾ ਮਨ ਦੁਖੀ ਕਰਦਾ, ਇਕ ਦਿਨ ਉਸ ਦੇ ਪਿਤਾ ਨੇ ਉਸ ਨੂੰ ਕੁਝ ਕਿੱਲਾਂ ਦਿੱਤੀਆਂ ਜਾਂ ਮੇਖਾਂ ਦਿੱਤੀਆਂ ਅਤੇ ਇਹ ਕਿਹਾ ਕਿ ਬਾਹਰ ਲੱਕੜ ਦੀ ਫਰਸ਼ ਉਪਰ ਗੱਡਣੀਆਂ ਹਨ। ਦਿਨ ਵਿਚ ਜਿੰਨੇ ਭੈੜ ਕਰਦਾ ਜਾਂ ਝੂਠ ਬੋਲਦਾ, ਓਨੀਆਂ ਹੀ ਕਿੱਲਾਂ ਲੱਕੜ ਦੇ ਫਰਸ਼ ਉੱਪਰ ਗੱਡ ਦੇਵੀਂ। ਬੱਚੇ ਨੇ ਹਰ ਰੋਜ਼ ਕਿੱਲਾਂ ਗੱਡਣੀਆਂ ਸ਼ੁਰੂ ਕਰ ਦਿੱਤੀਆਂ। ਕਿਸੇ ਦਿਨ ਦੋ ਕਿੱਲਾਂ ਕਿਸੇ ਦਿਨ 4 ਕਿੱਲਾਂ ਇਸ ਤਰ੍ਹਾਂ ਕਿੱਲਾਂ ਖਤਮ ਹੋ ਗਈਆਂ। ਇਕ ਦਿਨ ਪਿਤਾ ਨੇ ਫਿਰ ਕਿਹਾ ਕਿ ਹੁਣ ਹਰ ਰੋਜ਼ ਕਿੱਲਾਂ ਕੱਢਣੀਆਂ ਸ਼ੁਰੂ ਕਰ। ਜਿੰਨੇ ਕੰਮ ਚੰਗੇ ਕਰਦਾ ਹੈਂ, ਜਿੰਨੇ ਸੱਚ ਬੋਲਦਾ ਓਨੀਆਂ ਕਿੱਲਾਂ ਕੱਢ ਦੇਵੇਂ। ਇਸ ਤਰ੍ਹਾਂ ਬੱਚ ' ਬੱਚਾ ਹਰ ਰੋਜ਼ ਕਦੇ ਇਕ ਕਿੱਲ, ਕਦੇ ਦੋ ਕਿੱਲਾਂ ਕੱਢ ਦਿੰਦਾ। ਇਕ ਦਿਨ ਬੱਚੇ ਨੇ ਖੁਸ਼ੀ ਨਾਲ ਦੱਸਿਆ ਕਿ ਅੱਜ ਸਾਰੀਆਂ ਕਿੱਲਾਂ ਕੱਢ ਦਿੱਤੀਆਂ ਹਨ।ਪਿਤਾ ਨੇ ਕਿਹਾ ਕਿ ਚੱਲ ਮੈਨੂੰ ਦਿਖਾ ਤੂੰ ਕਿਥੇ ਕਿੱਲਾਂ ਗੱਡੀਆਂ ਸਨ ਤਾਂ ਬੱਚੇ ਨੇ ਇਸ਼ਾਰਾ ਕਰਦਿਆਂ ਕਿਹਾ ਕਿ ਇਹ ਦੇਖ ਜਿਥੇ ਮੋਰੀਆਂ ਹਨ, ਉਥੋਂ ਕਿੱਲਾ ਕੱਢੀਆਂ ਹਨ, ਨਿਸ਼ਾਨ ਰਹਿ ਗਏ ਹਨ। ਇਸ ਦਾ ਮਤਲਬ ਜਦ ਵੀ ਕਿਸੇ ਨੂੰ ਭੈੜਾ ਬੋਲ ਬੋਲਦੇ ਹਾਂ, ਜਾਂ ਕਿਸੇ ਦਾ ਦਿਲ ਦੁਖਾ ਦਿੰਦੇ ਹਾਂ ਅਤੇ ਬਾਅਦ ਵਿਚ ਸੌਰੀ ਕਹਿ ਦਿੰਦੇ ਹਾਂ। ਪਰ ਦਿਲ ਵਿਚ ਕੌੜਾ ਬੋਲ ਵੱਜਿਆ ਅਤੇ ਦਿਲ ਵਿਚ ਮੋਰੀ ਤਾਂ ਹੋ ਹੀ ਗਈ। ਬਾਅਦ ਵਿਚ ਸੋਰੀ ਕਹਿਣਾ, ਇਕ ਵਾਰੀ ਫਿਰ ਉਸੇ ਤਰ੍ਹਾਂ ਕਰਨਾ। ਫਿਰ ਉਸ ਸੌਰੀ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਹੈ। ਜ਼ਿੰਦਗੀ ਵਿਚ ਕਦੇ ਕਿਸੇ ਨੂੰ ਇੰਨਾ ਕੋੜਾ ਬੋਲ ਕੇ ਦੁੱਖ ਨਾ ਦੇਈਏ ਤਾਂ ਕਿ ਵਾਰੀ-ਵਾਰੀ ਸੌਰੀ ਕਹਿਣਾ ਪਏ। ਜੋ ਅਸੀਂ ਕੌੜੇ ਅਤੇ ਭੈੜੇ ਸ਼ਬਦ ਬੋਲ ਕੇ ਦੂਜੇ ਦੇ ਦਿਲ ਵਿਚ ਮੋਰੀ ਕਰ ਦਿੰਦੇ ਹਾਂ, ਉਹ ਭਰਦੀ ਨਹੀਂ। ਵਕਤ ਦੇ ਨਾਲ ਖਰਿੰਡ ਜ਼ਰੂਰ ਆ ਜਾਂਦਾ ਹੈ। ਪਰ ਜਿਨ੍ਹਾਂ ਨੂੰ ਸੁਭਾਅ ਪੈ ਜਾਂਦਾ ਹੈ, ਦੂਜਿਆਂ ਦੇ ਦਿਲਾਂ ਵਿਚ ਛੇਦ ਕਰਨ ਦਾ ਉਹ ਉਸ ਛੇਦ ਨੂੰ ਭਰਨ ਨਹੀਂ ਦਿੰਦੇ। ਉਹ ਆਪਣੀ ਆਦਤ ਤੋਂ ਮਜਬੂਰ ਹਨ। ਪ੍ਰਮਾਤਮਾ ਪਿਤਾ ਪਿਆਰ ਕਰਨ ਵਾਲਾ ਹੈ। ਅਸੀਂ ਉਸ ਦੀ ਹੋਂਦ ਨੂੰ ਮੰਨਦੇ ਹਾਂ। ਉਸ ਦੀ ਬਣਾਈ ਕੁਦਰਤ ਅਤੇ ਜੀਵਾਂ ਨੂੰ ਪਿਆਰ ਕਰਨਾ ਚਾਹੀਦਾ ਹੈ। ਕਿਉਂਕਿ ਪਿਆਰ ਦੀ ਭਾਸ਼ਾ ਮਿੱਠਾ ਬੋਲਣਾ ਤਾਂ ਜਾਨਵਰ ਵੀ ਸਮਝਦੇ ਹਨ।ਕੱਪੜੇ ਮਹਿੰਗੇ ਪਾਉਣ ਨਾਲ ਸਾਡੀ ਬਾਹਰਲੀ ਸੁੰਦਰਤਾ ਦਿਸੇਗੀ। ਅਸੀਂ ਅੰਦਰ ਤੋਂ ਕਿਨੇ ਸੋਹਣੇ ਹਾਂ, ਇਹ ਸਾਡੇ ਮਿੱਠੇ ਜਾਂ ਕੌੜੇ ਬੋਲਾਂ ਦੇ ਬੋਲਣ ਤੋਂ ਪਤਾ ਲੱਗਦਾ ਹੈ। ਸਾਡੀ ਸ਼ਖਸੀਅਤ ਨੂੰ ਸਾਡਾ ਬੋਲਣਾ ਹੀ ਸਾਹਮਣੇ ਲੈ ਕੇ ਆਉਂਦਾ ਹੈ। ਕਈ ਵਾਰ ਅਸੀਂ ਅੰਦਰੋਂ ਜ਼ਹਿਰ ਦੇ ਭਰੇ ਹੋਏ ਹੁੰਦੇ ਹਾਂ, ਪਰ ਲੋਕਾਂ ਵਿਚ ਮਿੱਠਾ ਬੋਲਣ ਦੀ ਕੋਸ਼ਿਸ਼ ਕਰਦੇ ਹਾਂ, ਪਰ ਦਿਖਾਵਾ ਥੋੜ੍ਹੀ ਦੇਰ ਚਲਦਾ ਹੈ। ਸਾਡੀ ਅਸਲੀਅਤ ਸਾਹਮਣੇ ਆ ਜਾਂਦੀ ਹੈ, ਜੋ ਸੱਚਮੁੱਚ ਅੰਦਰੋਂ ਮਿੱਠੇ ਹਨ, ਉਹ ਅੰਦਰੋਂ ਸਬਰ, ਸੰਤੋਖ ਨਾਲ ਭਰੇ ਹੋਏ ਹੁੰਦੇ ਹਨ। ਜੋ ਅੰਦਰੋਂ ਖਾਲੀ ਹਨ, ਉਨ੍ਹਾਂ ਨੇ ਸ਼ਬਦ ਵੀ ਉਸੇ ਤਰ੍ਹਾਂ ਬੇਅਸਰ ਅਤੇ ਖਾਲੀ ਹੀ ਬੋਲਣੇ ਹਨ, ਜਿਸ ਤਰ੍ਹਾਂ ਅਸੀਂ ਕਹਿੰਦੇ ਹਾਂ ਕਿ ਖਾਲੀ ਘੜਾ ਜ਼ਿਆਦਾ ਵੱਜਦਾ ਹੈ। ਉਹ ਇਧਰ ਘੁੰਮ-ਘੁੰਮ ਕੇ ਨਾਲ ਦੂਸਰਿਆਂ ਨੂੰ ਠੋਕਰਾਂ ਮਾਰ ਕੇ ਦੁਖੀ ਕਰਦਾ ਹੈ ਅਤੇ ਆਪ ਵੀ ਠੋਕਰਾਂ ਖਾਂਦਾ ਹੈ। ਭਰਿਆ ਘੜਾ ਅਡੋਲ ਰਹਿੰਦਾ ਹੈ, ਕਿਉਂਕਿ ਉਹ ਅੰਦਰੋਂ ਭਰਿਆ ਹੋਇਆ ਹੈ, ਉਹ ਨਾ'ਤਾਂ ਆਪ ਘੁੰਮ-ਘੁੰਮ ਕੇ ਦੂਜਿਆਂ ਨੂੰ ਠੋਕਰਾਂ ਮਾਰਦਾ ਹੈ ਅਤੇ ਨਾ ਹੀ ਆਪ ਠੋਕਰ ਖਾਂਦਾ ਹੈ, ਕਿਉਂਕਿ ਉਹ ਸਬਰ, ਸੰਤੋਖ ਦਾ ਭਰਿਆ ਹੁੰਦਾ ਹੈ। ਪੈਸੇ ਦੀ ਕਮੀ ਕਰਕੇ ਕਿਸੇ ਨੂੰ ਹਲਕਾ ਕਹਿਣਾ ਗਲਤ ਹੋਵੇਗਾ, ਪਰ ਹਲਕੀ ਸੋਚ ਅਤੇ ਵਿਚਾਰਾਂ ਅਤੇ ਫਿੱਕਾ ਬੋਲਣਾ ਆਪਣੇ ਆਪ ਨੂੰ ਹਲਕਾ ਸਾਬਤ ਕਰਨਾ ਇਹ ਭੈੜੀ ਗੱਲ ਹੈ। ਕਿਸ ਨੂੰ ਕੌੜੇ ਸ਼ਬਦ ਬੋਲ ਕੇ ਆਪਣੇ ਅੰਦਰ ਦੀ ਕੜਵਾਹਟ ਨੂੰ ਹੋਰ ਵਧਾ ਲੈਂਦੇ ਹਾਂ। ਫਿਰ ਇਹ ਕੜਵਾਹਟ ਭਰੇ ਅਤੇ ਅੰਗਿਆਰਿਆਂ ਵਰਗੇ ਸ਼ਬਦ ਸਾਨੂੰ ਆਪਣੇ ਆਪ ਨੂੰ ਅੰਦਰੋਂ-ਅੰਦਰ ਸਾੜ ਦਿੰਦੇ ਹਨ। ਫਿਰ ਕਈ ਬਿਮਾਰੀਆਂ ਜਿਵੇਂ ਡਿਪਰੈਸ਼ਨ, ਬਲੱਡ ਪ੍ਰੈਸ਼ਰ ਅਤੇ ਹੋਰ ਸਿਰਦਰਦੀਆਂ ਦਾ ਸ਼ਿਕਾਰ ਹੋ ਜਾਂਦੇ ਹਾਂ। ਇਸ ਲਈ ਕੋਸ਼ਿਸ਼ ਕਰੋ ਕਿ ਕਿਸੇ ਦੇ ਦਿਲ, ਆਤਮਾ ਵਿਚ ਕਿੱਲਾਂ ਨਾ ਗੱਡ, ਤਾਂ ਕਿ ਇਕ ਸੋਰੀ ਸ਼ਬਦ ਵੀ ਮੋਰੀਆਂ ਨਾ ਭਰ ਸਕੇ ਅਤੇ ਨਾ ਹੀ ਆਪਣੇ ਨਕੀਲੇ, ਜ਼ਹਿਰ ਭਰੇ ਸ਼ਬਦਾਂ ਦਾ ਪ੍ਰਯੋਗ ਕਰੀਏ"ਨਾਨਕ ਫਿਕੇ ਬੋਲਿਐ ਤਨ ਮਨ ਫਿਕਾ ਹੋਇ॥ ਫਿਕੋ ਫਿਕੇ ਸਦੀਐ ਫਿਕੇ ਫਿਕੀ ਸੋਇ॥ ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥

# ਮੱਛੀ ਪਾਲਣ ਅਧੀਨ 43 ਹਜ਼ਾਰ ਏਕੜ ਤੋਂ ਵੱਧ ਰਕਬਾ, ਸਾਲਾਨਾ 1.81 ਲੱਖ ਟਨ ਮੱਛੀਆਂ ਦਾ ਹੋ ਰਿਹੈ ਉਤਪਾਦਨ: ਗੁਰਮੀਤ ਸਿੰਘ ਖੁੱਡੀਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 30 ਮਾਰਚ INTERNATIONAL PAPER, 94636 01616 hardipchumber57@gmail.com

Punjab ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਮੱਛੀ ਪਾਲਣ ਖੇਤਰ 'ਚ ਮਹੱਤਵਪੂਰਨ ਪ੍ਰਗਤੀ ਕਰਦਿਆਂ ਸੂਬਾ ਕੁਦਰਤੀ ਪਾਣੀਆਂ, ਨਿੱਜੀ ਤਲਾਬਾਂ ਅਤੇ ਪੰਚਾਇਤੀ ਛੱਪੜਾਂ ਤੋਂ ਸਾਲਾਨਾ ਕੁੱਲ 1,81,188 ਟਨ ਮੱਛੀ ਪੈਦਾ ਕਰ ਰਿਹਾ ਹੈ। ਇਸ ਵੇਲੇ ਸੂਬੇ ਵਿੱਚ 43,973 ਏਕੜ ਰਕਬਾ ਮੱਛੀ ਪਾਲਣ ਅਧੀਨ ਹੈ।

ਉਹ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਇੱਕ ਹੋਟਲ 'ਚ ਮੱਛੀ ਪਾਲਣ ਵਿਭਾਗ ਦੁਆਰਾ ਕਰਵਾਏ ਗਏ ਰਾਜ ਪੱਧਰੀ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ। ਇਸ ਸੈਮੀਨਾਰ ਦਾ ਉਦੇਸ਼ ਮੱਛੀ ਪਾਲਕਾਂ ਨੂੰ ਨਵੀ ਤਕਨਾਲੋਜੀ, ਬਿਹਤਰ ਅਭਿਆਸਾਂ ਅਤੇ ਮੱਛੀ ਪਾਲਣ ਦੇ ਨਵੀਨ ਢੰਗ-ਤਰੀਕਿਆਂ ਬਾਰੇ ਜਾਗਰੂਕ ਕਰਨਾ ਸੀ। ਸੈਮੀਨਾਰ ਵਿੱਚ 300 ਤੋਂ ਵੱਧ ਕਿਸਾਨਾਂ ਅਤੇ ਅਧਿਕਾਰੀਆਂ ਨੇ ਹਿੱਸਾ ਲਿਆ।

ਸ. ਖੁੱਡੀਆਂ ਨੇ ਦੱਸਿਆ ਕਿ ਮੱਛੀ ਪਾਲਣ ਸੈਕਟਰ ਦੀ ਮਜ਼ਬੂਤੀ ਲਈ 16 ਸਰਕਾਰੀ ਮੱਛੀ ਬੀਜ ਫਾਰਮਾਂ 'ਤੇ ਸਾਲਾਨਾ ਲਗਭਗ 14 ਕਰੋੜ ਮਿਆਰੀ ਪੂੰਗ ਤਿਆਰ ਕਰਕੇ ਕਿਸਾਨਾਂ ਨੂੰ ਸਬਸਿਡੀ 'ਤੇ ਦਿੱਤਾ ਜਾਂਦਾ ਹੈ।

ਮੱਛੀ ਪਾਲਣ ਤੋਂ ਇਲਾਵਾ ਪੰਜਾਬ ਸੂਬਾ ਝੀਂਗਾ ਪਾਲਣ ਵਿੱਚ ਵੀ ਤਰੱਕੀ ਕਰ ਰਿਹਾ ਹੈ। ਪੰਜ ਦੱਖਣ-ਪੱਛਮੀ ਜ਼ਿਲ੍ਹਿਆਂ- ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਮਾਨਸਾ, ਫਰੀਦਕੋਟ ਅਤੇ ਫਾਜ਼ਿਲਕਾ- ਵਿੱਚ ਹਜ਼ਾਰਾਂ ਏਕੜ ਜ਼ਮੀਨ ਪਹਿਲਾਂ ਸੇਮ ਕਾਰਨ ਅਤੇ ਖਾਰੇਪਣ ਕਰਕੇ ਖੇਤੀਬਾੜੀ ਦੇ ਯੋਗ ਨਹੀਂ ਸੀ। ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਹਾਲਾਂਕਿ, ਹੁਣ ਇਨ੍ਹਾਂ ਜ਼ਿਲ੍ਹਿਆਂ ਵਿੱਚ ਝੀਂਗਾ ਪਾਲਣ ਦਾ ਧੰਦਾ ਕੀਤਾ ਜਾ ਰਿਹਾ ਹੈ, ਜਿਸ ਨਾਲ ਕਿਸਾਨਾਂ ਨੂੰ ਲਾਗਤ ਵਗੈਰਾ ਕੱਢ ਕੇ ਪ੍ਰਤੀ ਏਕੜ ਢਾਈ ਤੋਂ ਚਾਰ ਲੱਖ ਰੁਪਏ ਬਚਦੇ ਹਨ।

ਕੈਬਨਿਟ ਮੰਤਰੀ ਨੇ ਇਸ ਮੌਕੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਦੋ ਅਗਾਂਹਵਧੂ ਮੱਛੀ ਪਾਲਕਾਂ ਸ੍ਰੀ ਅਮਿਤੇਸ਼ਵਰ ਸਿੰਘ ਗਿੱਲ ਅਤੇ ਜ਼ਿਲ੍ਹਾ ਕਪੂਰਥਲਾ ਦੇ ਸ੍ਰੀ ਪਰਮਿੰਦਰਜੀਤ ਸਿੰਘ ਦਾ ਸਨਮਾਨ ਵੀ ਕੀਤਾ।

ਡਾਇਰੈਕਟਰ ਮੱਛੀ ਪਾਲਣ ਜਸਵੀਰ ਸਿੰਘ ਨੇ ਦੱਸਿਆ ਕਿ ਵਿਭਾਗ ਨੇ ਕੇਂਦਰੀ ਸਪਾਂਸਰਡ ਸਕੀਮ ਤਹਿਤ 4 ਸਾਲਾਂ ਵਿੱਚ 618 ਪਰਿਵਾਰਾਂ ਨੂੰ 30 ਕਰੋੜ ਰੁਪਏ ਤੋਂ ਵੱਧ ਦੀ ਸਬਸਿਡੀ ਵੰਡੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸ. ਖੁੱਡੀਆਂ ਦੀ ਅਗਵਾਈ ਅਤੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਦੇ ਮਾਰਗਦਰਸ਼ਨ ਹੇਠ ਵਿਭਾਗ ਇਸ ਸਮੇਂ ਮੱਛੀ ਪਾਲਣ ਨਾਲ ਸਬੰਧਤ ਵੱਖ-ਵੱਖ ਪ੍ਰੋਜੈਕਟਾਂ ਜਿਵੇਂ ਕਿ ਮੱਛੀ ਅਤੇ ਝੀਂਗਾ ਪਾਲਣ ਅਧੀਨ ਰਕਬੇ ਨੂੰ ਵਧਾਉਣ, ਮੱਛੀ ਉਤਪਾਦਾਂ ਦੀ ਢੋਆ-ਢੁਆਈ ਲਈ ਵਾਹਨ, ਆਰ.ਏ.ਐਸ. ਅਤੇ ਬਾਇਓ-ਫਲੌਕ ਯੂਨਿਟ, ਮੱਛੀ ਕਾਇਓਸਕ, ਮਿੰਨੀ ਫਿਸ਼ ਫੀਡ ਮਿੱਲਾਂ ਆਦਿ ਲਈ ਸਬਸਿਡੀ ਪ੍ਰਦਾਨ ਕਰ ਰਿਹਾ ਹੈ।

# ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਢੇਲਣ ਮਾਜਰਾ ਨੇ ਸਰਕਾਰੀ ਸਕੂਲ ਵਿਚ ਕਰਵਾਈ ਸਫਾਈ

